# ਧਰਮ ਪ੍ਰਚਾਰ
## ਭਾਗ–3

ਰੇਡੀਓ (Radio) ਵਿਚ ਦਸਿਆ ਜਾਂਦਾ ਹੈ ਕਿ ਚੰਗੀ ਫਸਲ ਲੈਣ ਲਈ :—

1. ਅਰੋਗ ਅਤੇ ਨਰੋਏ ਬੀਜ (ਅਨੁਭਵੀ ਗਿਆਨ ਜਾਂ 'ਨਾਮ')
2. ਕਮਾਈ ਹੋਈ ਜ਼ਮੀਨ (ਮਨ)
3. ਚੰਗਾ ਢੁਕਵਾਂ ਪਾਣੀ (ਸਤਸੰਗ)
4. ਬੀਮਾਰੀਆਂ ਤੋਂ ਬਚਾਓ (ਭੈੜੀ ਸੰਗਤ)
5. ਢੁਕਵਾਂ ਰੇਹੁ (ਸ਼ਰਧਾ–ਭਾਵਨੀ)
6. ਮਿਹਨਤ (ਨਾਮ ਅਭਿਆਸ ਕਮਾਈ)

ਦੀ ਲੋੜ ਹੈ ।

ਐਨ ਇਹ ਨੁਸਖਾ (formula) ਸਾਡੇ ਧਰਮ ਤੇ ਵੀ ਢੁਕਦਾ ਹੈ । ਜੁਗਾਂ ਜੁਗਾਂਤਰਾਂ ਤੋਂ ਗੁਰੂਆਂ, ਅਵਤਾਰਾਂ, ਪੈਗੰਬਰਾਂ ਰਾਹੀਂ, ਜੀਵਾਂ ਦੇ ਕਲਿਆਣ ਲਈ, 'ਅਨੁਭਵੀ' ਗਿਆਨ ਰੂਪ 'ਬੀਜ' ਪ੍ਰਦਾਨ ਹੁੰਦਾ ਰਿਹਾ ਹੈ । ਪਰ ਸਾਡੇ ਅੰਤਿਸ਼ਕਰਨ ਤੇ ਮਨ ਦੀ ਭੁਇ ਮੈਲੀ ਤੇ 'ਰੋਗੀ' ਹੋਣ ਕਾਰਣ ਸਾਡੇ ਅੰਦਰ 'ਧਰਮ' 'ਪ੍ਰਫੁਲਤ' ਨਹੀਂ ਹੋ ਸਕਿਆ, ਕਿਉਂਕਿ ਸਾਡੇ ਰੋਗੀ ਬੀਜ, ਰੋਗੀ ਜ਼ਮੀਨ, ਹਾਨੀਕਾਰਕ ਪਾਣੀ, ਰੋਗੀ 'ਮਾਹੌਲ' ਵਿਚ ਗਲਤ 'ਰੇਹੁ' ਨਾਲ ਪਲਿਆ ਹੋਇਆ, 'ਧਰਮ' ਦਾ 'ਬੂਟਾ' ਕਿਸ ਤਰ੍ਹਾਂ ਪ੍ਰਫੁਲਤ ਹੋ ਸਕਦਾ ਹੈ ?

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ (ਪੰਨਾ–747)

ਉਸ ਬੂਟੇ ਤੋਂ ਚੰਗੇ ਫਲ ਦੀ ਕੀ ਆਸ ਹੋ ਸਕਦੀ ਹੈ ? ਐਸੇ 'ਬੂਟੇ' ਨੂੰ ਜੋ 'ਫੱਲ' ਲਗਦਾ ਹੈ, ਉਹ ਭੀ 'ਰੋਗੀ' ਹੁੰਦਾ ਹੈ ਤੇ ਅਗੋਂ ਹੋਰ 'ਰੋਗੀ ਅੰਸ਼' ਵਧਾਉਣ ਦਾ ਕਾਰਣ ਬਣਦਾ ਹੈ । ਇਸੇ ਤਰ੍ਹਾਂ 'ਰੋਗੀ' ਧਰਮ ਦੇ 'ਮਾਹੌਲ' ਵਿਚ ਜੰਮੇ–ਪਲੇ, ਪੜ੍ਹੇ–ਪੜ੍ਹਾਏ, ਧਰਮ–ਪ੍ਰਚਾਰਕ, ਲੋਕਾਈ ਨੂੰ ਕਿਸ ਤਰ੍ਹਾਂ ਸਹੀ, ਉਚੀ–ਸੁੱਚੀ, ਮਾਨਸਿਕ, ਧਾਰਮਿਕ ਤੇ ਆਤਮਿਕ 'ਜੀਵਨ–ਸੇਧ' ਦੇ ਸਕਦੇ ਹਨ ?

ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥

ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨ੍ਹੈ ਫਿਰਿ ਫਿਰਿ ਜੂਨੀ ਆਵੈ ॥
(ਪੰਨਾ-732)

ਇਹ ਸਭ ਕੁਝ ਜ਼ਾਹਰਾ ਤੌਰ ਤੇ ਪ੍ਰਤੱਖ ਵਰਤ ਰਿਹਾ ਹੈ, ਪਰ ਇਸ 'ਗਿਲਾਨੀ' ਨੂੰ ਮਹਿਸੂਸ ਕਰਨ ਜਾਂ ਇਸ ਦੇ ਖਿਲਾਫ਼ ਆਵਾਜ਼ ਉਠਾਉਣ ਦੀ ਕਿਸੇ ਨੂੰ ਲੋੜ ਮਹਿਸੂਸ ਨਹੀਂ ਹੁੰਦੀ ਅਤੇ ਨਾ ਹੀ ਕੋਈ ਜ਼ੁਰੱਅਤ ਹੀ ਕਰਦਾ ਹੈ ।

ਸਾਡੇ ਵਖੇਵੇਂ ਵਾਲੇ, ਹਉਮੈ ਵੇੜ੍ਹੇ ਮਨ ਨੇ ਆਪੂੰ-ਸਹੇੜੇ, ਅਜਾਈਂ, ਵਾਧੂ ਮਾਇਕੀ ਰੁਝੇਵੇਂ ਇਤਨੇ ਵਧਾ ਲਏ ਹਨ ਅਤੇ ਇਨ੍ਹਾਂ ਵਿਚ ਇਤਨੇ ਗਲਤਾਨ ਹੋ ਗਏ ਹਾਂ ਕਿ ਧਰਮ ਦੇ ਉਚੇਰੇ ਆਤਮਿਕ ਪੱਖ ਵਲ ਧਿਆਨ ਦੇਣ ਦੀ ਫੁਰਸਤ ਹੀ ਨਹੀਂ ਅਤੇ ਨਾ ਹੀ ਲੋੜ ਜਾਪਦੀ ਹੈ। ਸਿਰਫ਼ ਲੋਕਾ-ਚਾਰੀ, ਲੋਕ-ਵਿਖਾਵੇ ਜਾਂ ਰਸਮੀ, ਬਾਹਰਮੁਖੀ, ਫੋਕੇ ਧਾਰਮਿਕ ਕਰਮ-ਕਾਂਡਾਂ ਵਿਚ ਹੀ 'ਸੰਤੁਸ਼ਟ' ਹਾਂ ਤੇ ਆਪਣੇ ਮਨ ਨੂੰ ਫੋਕੀ, 'ਝੂਠੀ ਤਸੱਲੀ' ਦੇ ਕੇ ਆਪਣੇ ਆਪ ਨੂੰ ਧੋਖਾ ਦੇ ਰਹੇ ਹਾਂ !

ਦੂਜੇ ਪਾਸੇ, ਅਸੀਂ ਆਪਣੇ ਨਿਜੀ ਸੁਆਰਥ, ਘਰੋਗੀ ਮਸਲੇ ਸੋਧਣ ਲਈ, ਮੁਕਦਮੇ ਜਿੱਤਣ ਲਈ, ਬੀਮਾਰੀਆਂ ਹਟਾਉਣ ਲਈ, ਇਮਤਿਹਾਨ ਪਾਸ ਕਰਨ ਲਈ, ਨੌਕਰੀ ਲਈ, ਮਾਇਕ ਪ੍ਰਾਪਤੀ ਲਈ ਅਤੇ ਜੀਵਨ ਦੀਆਂ ਹੋਰ ਅਨੇਕਾਂ ਗਰਜ਼ਾਂ ਦੀ ਪੂਰਤੀ ਲਈ 'ਧਰਮ' ਨੂੰ ਵਰਤ ਕੇ, ਧਰਮ ਦੀ ਨਿਰਾਦਰੀ ਕਰ ਰਹੇ ਹਾਂ। ਦੂਜੇ ਸ਼ਬਦਾਂ ਵਿਚ, ਧਰਮ ਨੂੰ 'ਮਾਇਕੀ ਵਪਾਰਕ' 'ਸਾਧਨ' ਹੀ ਬਣਾ ਲਿਆ ਹੈ ਤੇ ਇਸ ਅਖੌਤੀ ਧਾਰਮਿਕ ਵਪਾਰ ਵਿਚ ਵੀ 'ਸੌਦਾ ਬਾਜ਼ੀ' ਨੂੰ ਇਨਾ ਵਧਾਇਆ ਹੈ ਕਿ 'ਧਰਮ' ਨੂੰ 'ਬਹੁਤ ਮਹਿੰਗਾ' ਤੇ ਆਮ, ਗਰੀਬ ਜਨਤਾ ਦੀ ਪਹੁੰਚ ਤੋਂ ਬਾਹਰ ਕਰ ਦਿਤਾ ਹੈ ।

ਜਿਸ ਧਰਮ ਨੇ ਸਾਨੂੰ ਮਾਇਆ ਤੋਂ ਉਚਾ ਚੁਕਣਾ ਸੀ, ਉਸ ਨੂੰ ਅਸੀਂ ਮਾਇਆ ਦੀ 'ਰੰਗਤ' ਚਾੜ੍ਹ ਕੇ (commercialize) 'ਮਾਇਕੀ' ਵਾਪਾਰ ਦਾ ਸਾਧਨ ਹੀ ਬਣਾ ਛਡਿਆ ਹੈ। ਜਿਸ ਦਾ ਪ੍ਰਤੱਖ ਸਬੂਤ ਇਹ ਹੈ ਕਿ ਅਸੀਂ ਗੁਰਬਾਣੀ ਦੇ ਪਾਠ-ਪੂਜਾ, ਕੀਰਤਨ-ਕਥਾ, ਵਿਖਿਆਨ ਨੂੰ ਸ਼ਰੇ-ਆਮ, ਨਿਧੱੜਕ ਹੋ ਕੇ, 'ਵੇਚਦੇ ਹਾਂ । ਉਹ ਭੀ ਮੁਕਾਬਲੇ ਨਾਲ ਮਹਿੰਗੇ ਮੁੱਲ !

ਇਹ ਉਚਾ ਸੁੱਚਾ ਧਰਮ, ਜਿਸ ਨੇ ਸਾਨੂੰ ਮਾਇਆ ਰੂਪੀ 'ਸਰਪਨੀ' ਤੋਂ ਬਚਾਉਣਾ ਤੇ ਛੁਡਾਉਣਾ ਸੀ, ਨੂੰ ਅਸੀਂ 'ਮਾਇਆ' ਦਾ ਹੀ 'ਰੂਪ' ਬਣਾ ਦਿੱਤਾ ਹੈ, ਅਤੇ ਹੁਣ ਇਹੋ 'ਮਾਇਆ' ਸਰਪਨੀ ਹੀ ਸਾਨੂੰ ਖਾ ਰਹੀ ਹੈ । ਛੁਡਾਵੈ ਕੌਣ ?

ਪੱਛਮੀ ਵਿਦਿਆ ਦੇ ਮਾਇਕੀ ਸਭਿਅਤਾ ਦੇ ਅਸਰ ਹੇਠ, ਬਹੁਤੀ ਜਨਤਾ ਤਾਂ ਪ੍ਰਮੇਸ਼ਰ ਤੋਂ ਨਾਸਤਕ ਹੈ ਤੇ 'ਧਰਮ' ਦੀ ਲੋੜ ਹੀ ਮਹਿਸੂਸ ਨਹੀਂ ਕਰਦੀ ।

ਜੇ ਕੋਈ ਜੀਵ ਪਿਛਲੇ ਸੰਸਕਾਰਾਂ ਜਾਂ ਹੁਣ ਦੇ ਵਾਤਾਵਰਣ ਦੇ ਹੇਠ, ਧਰਮ

ਵਲ 'ਰੁੱਚੀ' ਰਖਦਾ ਹੈ, ਉਹ ਭੀ ਅਧੂਰੇ ਜਾਂ ਗਲਤ ਨਿਸਚਿਆਂ ਦੇ ਅਧਾਰ ਤੇ ਫੋਕੇ ਕਰਮ-ਕਾਂਡਾਂ ਤੇ 'ਰਵਾਇਤਾਂ' ਵਿਚ ਹੀ ਫਸਿਆ ਹੋਇਆ ਹੈ। ਜੀਵ ਮਨੋ-ਕਲਪਤ, ਫੋਕੇ, ਅਧੂਰੇ ਧਾਰਮਿਕ 'ਨਿਸਚਿਆਂ' ਦੇ ਦਾਇਰੇ ਵਿਚ ਹੀ 'ਕੈਦ' ਹੈ ਤੇ ਉਥੇ ਹੀ ਪੂਰਨ ਸੰਤੁਸ਼ਟ ਹੈ । ਉਸ ਨੂੰ ਕਿਸੇ ਹੋਰ 'ਆਤਮਿਕ ਗਿਆਨ' ਜਾਂ ਉਚੇਰੇ ਧਰਮ ਦੀ ਲੋੜ ਹੀ ਨਹੀਂ ਭਾਸਦੀ !

ਇਨ੍ਹਾਂ ਵਿਚੋਂ ਕੋਈ ਮਾਇਕੀ ਗਰਜ਼ ਤੇ ਨਿੱਜੀ ਸੁਆਰਥ ਲਈ, ਕੁਝ ਗਿਆਨ, ਸਾਖੀਆਂ ਪੜ੍ਹ-ਸੁਣ ਕੇ, ਆਪ ਹੀ 'ਧਾਰਮਿਕ ਪ੍ਰਚਾਰਕ' ਬਣ ਬਹਿੰਦੇ ਹਨ ਤੇ ਭੋਲੀ ਭਾਲੀ ਜਨਤਾ ਨੂੰ ਫੋਕੇ ਦਿਮਾਗੀ ਗਿਆਨ ਤੇ ਮੁਰਦੇ ਸਾਧਨਾਂ ਵਾਲੇ ਕਰਮ-ਕਾਂਡਾਂ ਵਿਚ ਹੀ ਫਸਾਈ ਰਖਦੇ ਹਨ, ਜਿਨ੍ਹਾਂ ਵਿਚ ਉਨ੍ਹਾਂ ਨੂੰ ਆਪੂੰ ਨਿਸਚਾ ਨਹੀਂ ਹੁੰਦਾ ਜਾਂ ਓਪਰਾ ਜਿਹਾ ਹੁੰਦਾ ਹੈ ।

ਜਿਨ੍ਹਾਂ ਦੀ ਪਿਛਲੇ ਜਨਮਾਂ ਦੀ ਕੋਈ ਆਤਮਿਕ ਕਮਾਈ ਹੁੰਦੀ ਹੈ, ਉਨ੍ਹਾਂ ਦੀ ਆਤਮਾ ਨੂੰ ਇਨਾਂ ਫੋਕੇ ਗਿਆਨ ਤੇ ਮੁਰਦੇ ਸਾਧਨਾਂ ਵਿਚ 'ਤਸੱਲੀ' ਨਹੀਂ ਹੁੰਦੀ ਤੇ ਉਨ੍ਹਾਂ ਦੇ 'ਅੰਤਰ-ਆਤਮੇ' ਕੋਈ ਉਚੇਰੀ ਆਤਮਿਕ 'ਰੁੱਚੀ' ਜਾਂ 'ਕਾਂਖੀ', 'ਭੁੱਖ' ਬਣੀ ਰਹਿੰਦੀ ਹੈ ਤੇ ਉਹ ਆਪਣੀ 'ਆਤਮਿਕ ਪਿਆਸ' ਦੀ ਪੂਰਤੀ ਲਈ, 'ਖੋਜ' ਵਿਚ ਜੁਟੇ ਰਹਿੰਦੇ ਹਨ ।

ਇਨ੍ਹਾਂ ਵਿਚੋਂ ਕਈ ਜਗਿਆਸੂ, ਕਈ ਕਿਸਮ ਦੇ ਜੋਗ ਅਭਿਆਸ ਨਾਲ ਰਿਧੀਆਂ ਸਿੱਧੀਆਂ ਤੇ ਦੈਵੀ ਸ਼ਕਤੀਆਂ ਦੇ ਕ੍ਰਿਸ਼ਮਿਆਂ ਦੇ ਨਜ਼ਾਰੇ ਪ੍ਰਤੀਤ ਕਰਦੇ ਹਨ। ਇਨ੍ਹਾਂ ਅਣਹੋਣੇ, ਵਿਲੱਖਣ, ਨਵੀਨ ਕ੍ਰਿਸ਼ਮਿਆਂ, ਤਜ਼ਰਬਿਆਂ ਤੇ ਕਰਾਮਾਤਾਂ ਨਾਲ, ਉਨ੍ਹਾਂ ਦਾ ਮਨ ਇਤਨਾ 'ਚੁੰਧਿਆ' ਜਾਂਦਾ ਹੈ ਕਿ ਉਹ 'ਆਪੇ ਤੋਂ ਬਾਹਰ' ਹੋ ਕੇ ਆਪ ਹੀ ਸਾਧ, ਸੰਤ, ਗੁਰੂ, ਮਹਾਤਮਾ, ਪੀਰ ਤੇ ਫਕੀਰ ਬਣ ਬਹਿੰਦੇ ਹਨ, ਤੇ ਠਾਠ-ਬਾਠ ਰਚਾ ਕੇ, ਉਸੇ ਵਿਚ ਖੱਚਤ ਹੋ ਜਾਂਦੇ ਹਨ ਤੇ ਜਨਤਾ ਨੂੰ ਧਾਗੇ-ਤਬੀਤ, ਟੂਣੇ, ਮੰਤਰ-ਜੰਤਰ, ਬਿਭੂਤੀ, ਪਾਠ, ਪੂਜਾ, ਆਦਿ ਫੋਕੇ ਸਾਧਨਾਂ ਵਿਚ ਫਸਾਈ ਰਖਦੇ ਹਨ । ਇਸ ਪ੍ਰਕਾਰ ਉਹ ਭੀ ਅਗਲੇਰੀ ਉਚੀ-ਸੁੱਚੀ ਆਤਮਿਕ ਅਵਸਥਾ ਤੋਂ ਕੋਰੇ ਤੇ ਵਾਂਝੇ ਰਹਿ ਜਾਂਦੇ ਹਨ।

'ਧਰਮ ਪ੍ਰਚਾਰ' ਲੇਖਾਂ ਦੇ ਪਹਿਲੇ ਤੇ ਦੂਜੇ ਭਾਗਾਂ ਵਿਚ ਦਸਿਆ ਜਾ ਚੁਕਿਆ ਹੈ ਕਿ ਸਾਡਾ ਧਰਮ-ਪ੍ਰਚਾਰ ਦਾ ਸਿਲਸਿਲਾ 'ਹਉਮੈ' ਦੇ ਅਧੀਨ, 'ਬੁੱਧੀ ਮੰਡਲ' ਦੀ 'ਖੇਲ' ਹੈ, ਜੋ ਕਿ 'ਕਰਮ-ਬੱਧ' (law of karma) ਦੇ ਅਸੂਲ ਅਨੁਸਾਰ ਚਲ ਰਿਹਾ ਹੈ ਅਤੇ ਤ੍ਰੈਗੁਣੀ 'ਹਉਮੈ' ਦੇ ਦਾਇਰੇ ਅੰਦਰ, ਦੂਜੇ-ਭਾਵ ਵਾਲੀ ਦੁਨੀਆਂ ਵਿਚ ਮਨੋ-ਕਲਪਤ ਗਿਆਨ ਦੇ ਆਸਰੇ ਪ੍ਰਚਲਤ ਹੈ । ਅਸੀਂ ਗੁਰਬਾਣੀ ਦਾ ਪਾਠ ਤੇ ਗਾਇਣ, ਰਿਵਾਜਨ, ਦੇਖਾ-ਦੇਖੀ, ਲੋਕ-ਪਚਾਰਾ, ਬੱਧਾ-ਚੱਟੀ, ਮਾਇਕੀ ਲਾਭ ਜਾਂ ਨਿਜੀ ਸੁਆਰਥ ਲਈ ਕਰਦੇ ਹਾਂ ਤੇ ਇਸ ਵਿਚ ਸਿਰਫ਼ ਸੰਤੁਸ਼ਟ ਹੀ ਨਹੀਂ ਬਲਕਿ 'ਭਲੇ-ਭਲੇਰੇ' ਦੀ ਹੰਗਤਾ (superiority complex) ਵਿਚ ਦੂਜਿਆਂ ਨੂੰ ਨੀਵੀਂ-ਨਜ਼ਰ ਨਾਲ ਦੇਖਦੇ ਹਾਂ ਤੇ ਫਤਵੇ ਲਾਉਂਦੇ ਫਿਰਦੇ ਹਾਂ । ਗੁਰਬਾਣੀ ਵਿਚ ਦਰਸਾਈ ਹੋਈ

ਉਚੀ-ਸੁੱਚੀ 'ਅਨੁਭਵੀ ਆਤਮਿਕ ਖੇਲ' ਵਲ ਧਿਆਨ ਦੇਣ ਦੀ ਫੁਰਸਤ ਹੀ ਨਹੀਂ, ਲੋੜ ਹੀ ਨਹੀਂ ਭਾਸਦੀ, ਜਾਂ ਜਾਣ ਬੁਝ ਕੇ ਅਵੇਸਲੇ ਤੇ 'ਮਚਲੇ' ਹੋਏ ਬੈਠੇ ਹਾਂ ।

ਪਹਿਲੇ ਲੇਖਾਂ ਵਿਚ ਦਸਿਆ ਜਾ ਚੁਕਿਆ ਹੈ ਕਿ ਉਚੇ-ਸੁੱਚੇ 'ਅਨੁਭਵੀ ਆਤਮਿਕ ਧਰਮ' ਵਲ ਪ੍ਰੇਰਨਾ ਤੇ ਅਗਵਾਈ ਲਈ ਪਹਿਲਾਂ ਪਹਿਲ ਬਾਹਰਮੁਖੀ ਦਿਮਾਗੀ ਧਰਮਾਂ ਦੇ ਕਿਰਿਆ-ਕਰਮ ਲਾਜ਼ਮੀ ਹਨ । ਜਿਸ ਤਰ੍ਹਾਂ 'ਸਫ਼ਰ' ਕੀਤੇ ਬਗੈਰ ਮੰਜ਼ਿਲ ਤੇ ਨਹੀਂ ਪਹੁੰਚਿਆ ਜਾ ਸਕਦਾ ਤੇ ਪੌੜੀ ਬਗੈਰ ਕੋਠੇ ਦੇ ਸਿਖਰ ਤੇ ਨਹੀਂ ਚੜ੍ਹਿਆ ਜਾ ਸਕਦਾ । ਇਸੇ ਤਰ੍ਹਾਂ ਅਨੁਭਵੀ, ਆਤਮਿਕ—'ਪ੍ਰਕਾਸ਼-ਮਈ ਮੰਡਲ' ਤਾਈਂ ਪਹੁੰਚਣ ਲਈ ਸਰੀਰਕ, ਮਾਨਸਿਕ ਤੇ ਧਾਰਮਿਕ ਕਰਮ-ਕਿਰਿਆ ਤੇ ਸੰਜਮ ਜ਼ਰੂਰੀ ਹੈ । ਪਰ ਇਹ ਧਾਰਮਿਕ ਕਿਰਿਆ-ਕਰਮ—

| | | |
|---|---|---|
| ਯਤਨ ਹਨ | — | 'ਨਤੀਜਾ' ਨਹੀਂ |
| ਸਾਧਨ ਹਨ | — | 'ਪੂਰਨਤਾ' ਨਹੀਂ |
| ਯਾਤਰਾ ਹੈ | — | 'ਮੰਜ਼ਿਲ' ਨਹੀਂ |
| ਗਿਆਨ ਹੈ | — | 'ਪ੍ਰਕਾਸ਼' ਨਹੀਂ |
| ਘਾਲਣਾ ਹੈ | — | 'ਗੁਰਪ੍ਰਸਾਦਿ' ਨਹੀਂ |
| ਪੌੜੀ ਹੈ | — | 'ਸਿਖਰ' ਨਹੀਂ |

ਪਰ ਅਸੀਂ ਬਾਹਰ ਮੁਖੀ ਕਰਮ-ਕਾਂਡਾਂ ਨੂੰ ਹੀ 'ਮੰਜ਼ਿਲ', 'ਪੂਰਨਤਾ' ਸਮਝ ਕੇ ਇਨ੍ਹਾਂ ਵਿਚ ਹੀ 'ਸੰਤੁਸ਼ਟ' ਹਾਂ ਤੇ ਇਸ ਤੋਂ ਉਚੇਰੀ, ਸੁਚੇਰੀ, ਚੰਗੇਰੀ, ਸੁਹਣੇਰੀ 'ਆਤਮਿਕ ਮੰਜ਼ਿਲ', 'ਇਲਾਹੀ ਮੰਡਲ' ਦੇ 'ਆਤਮ ਪ੍ਰਕਾਸ਼', ਪ੍ਰੀਤ, ਪ੍ਰੇਮ' ਰਸ, ਚਾਉ (Divine joy and Bliss) ਤੋਂ ਅਣਜਾਣ, ਬੇਪ੍ਰਵਾਹ, ਅਵੇਸਲੇ ਜਾਂ ਮਚਲੇ ਹੋਏ ਬੈਠੇ ਹਾਂ ।

ਅਸੀਂ ਆਪਣੀ ਅਗਿਆਨਤਾ ਵਿਚ ਨੀਵੀਆਂ ਰੁੱਚੀਆਂ, ਨੀਵੇਂ ਖਿਆਲ, ਪਾਰਟੀ ਬਾਜ਼ੀ, ਈਰਖਾ ਦਵੈਤ, ਵੈਰ-ਵਿਰੋਧ, ਨਿਜੀ ਸੁਆਰਥ ਤੇ 'ਕੁਰਸੀ' ਦੀ ਲਾਲਸਾ ਨਾਲ 'ਧਰਮ ਅਸਥਾਨਾਂ ਨੂੰ ਭੀ ਈਰਖਾ ਦਵੈਤ ਦੇ 'ਅੱਡੇ', ਹਉਮੈ ਦੇ 'ਖੇਤਰ', ਕ੍ਰੋਧ ਦੇ ਪ੍ਰਗਟਾਵੇ ਦੇ 'ਅਖਾੜੇ', ਮਾਇਕੀ ਸੁਆਰਥ ਦਾ 'ਜ਼ਰੀਆ' ਅਤੇ 'ਮਾਇਕੀ ਕੇਂਦਰ' ਹੀ ਬਣਾ ਛੱਡਿਆ ਹੈ ।

ਦੁਖਦਾਈ ਗੱਲ ਤਾਂ ਇਹ ਹੈ ਕਿ ਜਿਸ ਗੁਰੂ ਗ੍ਰੰਥ ਸਾਹਿਬ ਨੂੰ ਅਸੀਂ 'ਇਸ਼ਟ' ਤੇ 'ਗੁਰੂ' ਮੰਨਦੇ ਹਾਂ, ਉਸ ਦੀ ਪਾਵਨ ਹਜ਼ੂਰੀ ਵਿਚ, ਧਰਮ ਦੇ ਨਾਉਂ ਤੇ ਗੁਰਬਾਨੀ ਦੇ ਆਸ਼ੇ ਦੇ ਐਨ 'ਉਲਟ' ਈਰਖਾ-ਦਵੈਤ, ਵੈਰ ਵਿਰੋਧ, ਲੋਭ-ਸੁਆਰਥ, ਕ੍ਰੋਧ ਤੇ ਹਉਮੈ ਦਾ ਖੁੱਲ੍ਹਮ ਖੁੱਲਾ ਪ੍ਰਗਟਾਵਾ ਕਰਦੇ ਹਾਂ ਤੇ ਗੁਰੂ ਮਹਾਰਾਜ ਦੀ ਬੇਅਦਬੀ ਕਰ ਕੇ—ਅਸੀਂ ਆਪਣੇ ਧਰਮ ਦੀ 'ਗਿਲਾਨੀ' ਦੇ ਇਸ਼ਤਿਹਾਰ ਦਾ ਆਪ ਹੀ ਕਾਰਣ ਬਣਦੇ ਹਾਂ । ਇਹ ਸਭ ਕੁਝ ਮੌਜੂਦਾ ਬੇਅੰਤ ਧਰਮ ਪ੍ਰਚਾਰ ਦੇ 'ਬਾਵਜੂਦ' ਹੋ ਰਿਹਾ ਹੈ।

ਇਸ ਧਾਰਮਿਕ 'ਗਿਲਾਨੀ' ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਸਾਡੀ ਧਰਮ-ਪ੍ਰਚਾਰ ਦੀ 'ਪ੍ਰਣਾਲੀ' ਵਿਚ ਦੀਰਘ ਨੁਕਸ ਹਨ ।

ਨੀਵੀਂਆਂ ਰੁਚੀਆਂ ਦੀ ਖਿੱਚ ਨਾਲ 'ਧਰਮ' ਨੂੰ ਕਈ ਅਜਾਈਂ 'ਰੋਗ' ਲਗ ਗਏ

ਹਨ ਅਤੇ ਇਨ੍ਹਾਂ ਦੀ 'ਛੋਹ' ਅਸੀਂ ਧਰਮ ਅਤੇ ਧਾਰਮਿਕ ਅਸਥਾਨਾਂ ਨੂੰ ਭੀ ਲਗਾ ਦਿਤੀ ਹੈ ।

ਗੁਰਬਾਣੀ ਵਿਚ ਸਾਡੀ ਇਸ ਧਾਰਮਿਕ ਗਿਰਾਵਟ ਤੇ ਗਿਲਾਨੀ ਨੂੰ ਇਉਂ ਦਰਸਾਇਆ ਗਿਆ ਹੈ :—

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥1॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ਰਹਾਉ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥2॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥3॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥4॥
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥5॥
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥
(ਪੰਨਾ–641)

ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥
(ਪੰਨਾ–269)

ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੈ ਲਟਕਾਇਓ ।
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ ॥
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨਾ ਪਾਇਓ ॥
(ਸਵੱਯੇ ਸ੍ਰੀ ਮੁਖ ਵਾਕ ਪਾ: 10)

ਅਸਲ ਵਿਚ 'ਧਰਮ' ਸਾਡੀ ਮਾਇਕੀ ਅਗਿਆਨਤਾ ਦੂਰ ਕਰਨ ਅਤੇ ਰੱਬ ਵਲ ਸਹੀ ਤੇ ਉਚੀ ਸੇਧ ਦੇਣ ਲਈ ਰਚੇ ਗਏ ਸਨ, ਪਰ ਸਹਿਜੇ ਸਹਿਜੇ ਸਾਡੇ ਹਉਮੈ ਤੇ ਦੂਜੇ 'ਭਾਵ' ਦੇ ਮਾਇਕੀ ਅਸਰ ਹੇਠ ਇਹ ਧਰਮ ਹੀ ਇਨ੍ਹਾਂ ਨੀਵੀਆਂ ਰੁਚੀਆਂ ਦੇ ਕਾਰਣ ਬਣ ਗਏ ਹਨ । ਜਿਸ ਦਾ ਦੁਖਦਾਈ ਨਤੀਜਾ ਸਾਡੇ ਸਾਹਮਣੇ ਪ੍ਰਤੱਖ ਹੈ । ਇਸ ਤਰ੍ਹਾਂ ਇਹ ਅਖੌਤੀ ਮਜ਼ਹਬ, ਤੇ ਇਨ੍ਹਾਂ ਦਾ ਪ੍ਰਚਾਰ ਭੀ, 'ਤ੍ਰੈਗੁਣੀ' ਦਾਇਰੇ ਅੰਦਰ, ਹਉਮੈ ਵਾਲੀ ਦੁਨੀਆਂ ਵਿਚ, ਭਿੰਨ-ਭਿੰਨ ਮਨੋਕਲਪਤ ਗਿਆਨ ਦੇ ਆਸਰੇ ਪ੍ਰਚਲਤ ਹੈ । ਇਹ ਸਭ ਕੁਝ 'ਤ੍ਰੈਗੁਣੀ ਮਾਇਕੀ ਮੰਡਲ' ਦੀ 'ਖੇਲ੍ਹ' ਹੈ ।

ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥ (ਪੰਨਾ-537)

ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥2॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥3॥ (ਪੰਨਾ-560)

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥ (ਪੰਨਾ-39)

ਮਾਇਆ ਮੋਹੁ ਜਗਤੁ ਸਬਾਇਆ ॥
ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥ (ਪੰਨਾ-129)

ਗੁਰੂ ਨਾਨਕ ਸਾਹਿਬ ਨੇ ਦੁਨੀਆ ਦੇ ਬਾਹਰ-ਮੁਖੀ ਕਰਮ ਕਾਂਡੀ 'ਧਰਮਾਂ' ਦੀ ਇਹ ਗਿਲਾਨੀ ਦੇਖ ਕੇ, ਜੀਵਾਂ ਤੇ ਤਰਸ ਕਰਕੇ, ਇਕ ਉਚਾ-ਸੁਚਾ, ਨਿਰਮਲ, ਵਿਲੱਖਣ ਆਤਮਿਕ ਤੱਤ ਵਾਲਾ, 'ਧਰਮ' ਰਚਿਆ, ਜਿਸ ਦੀ ਨੀਂਹ ਤ੍ਰੈਗੁਣਾਂ ਤੋਂ ਉਤੇ, ਚਉਥੇ ਪਦ, 'ਆਤਮਿਕ ਪ੍ਰਕਾਸ਼' 'ਨਾਮ ਵਿਚ ਰਖੀ, ਤੇ ਸਾਨੂੰ 'ਦੂਜੇ ਭਾਵ' ਦੇ ਮੰਡਲ ਵਿਚੋਂ ਕੱਢ ਕੇ 'ੴ ਸਤਿਨਾਮ' ਦੇ ਉਚੇ-ਸੁਚੇ 'ਆਤਮਿਕ ਤੱਤ' ਗਿਆਨ, ਸ਼ਬਦ,-'ਨਾਮ' ਦਾ ਉਪਦੇਸ਼ ਦੇ ਕੇ, 'ਗਾਡੀ ਰਾਹ' ਦਰਸਾਇਆ। ਗੁਰਬਾਣੀ ਵਿਚ ਇਸੇ ਤੱਤ-ਗਿਆਨ, ਸ਼ਬਦ, 'ਨਾਮ' ਦੀ ਹੀ ਸਿਖਿਆ ਦ੍ਰਿੜ੍ਹਾਈ ਗਈ ਹੈ।

ਗੁਰਬਾਣੀ ਸਾਡਾ ਇਸ਼ਟ ਹੈ, ਗੁਰੂ ਹੈ, ਤੇ ਇਸ ਵਿਚ ਦਰਜ ਉਪਦੇਸ ਸਾਨੂੰ ਸਰੀਰਕ, ਮਾਨਸਿਕ ਤੇ ਆਤਮਿਕ 'ਜੀਵਨ-ਸੇਧ' ਦਿੰਦੇ ਹਨ ਤੇ 'ਤ੍ਰੈਗੁਣੀ' ਹਉਮੈ ਵਾਲੇ ਮੰਡਲ' ਵਿਚੋਂ ਕੱਢ ਕੇ, 'ਚਉਥੇ-ਪਦ' ਵਾਲੇ 'ਆਤਮਿਕ ਮੰਡਲ' ਦੇ 'ਪ੍ਰਕਾਸ਼' ਵਲ ਪ੍ਰੇਰਨਾ ਤੇ ਅਗਵਾਈ ਕਰਦੇ ਹਨ।

ਇਸ ਤਰ੍ਹਾਂ ਗੁਰਬਾਣੀ ਸਾਡੇ ਲਈ—

'ਜੀਵਨ ਸੇਧ' ਹੈ
ਧਰਮ ਦੀ 'ਬੁਨਿਆਦ' ਹੈ
'ਜਗ-ਚਾਨਣ' ਹੈ
ਚੁੰਬਕੀ 'ਛੋਹ' ਹੈ
ਆਤਮਿਕ 'ਪ੍ਰਕਾਸ਼' ਹੈ
'ਅੰਮ੍ਰਿਤ ਦਾ ਸੋਮਾ' ਹੈ
'ਜੀਵਨ-ਰੌਂ' ਹੈ
'ਜੀਅ-ਦਾਨ' ਹੈ

ਆਤਮਿਕ 'ਦਾਤ' ਹੈ
'ਸਬਦ' ਹੈ
'ਪ੍ਰੇਮ-ਪਦਾਰਥ' ਹੈ (love gift)
'ਨਾਮ' ਹੈ
'ਇਸ਼ਟ' ਹੈ
'ਗੁਰੂ' ਹੈ ।

ਅਸੀਂ ਗੁਰਬਾਣੀ ਦਾ ਪਾਠ ਤੇ ਗਾਇਣ ਕਰਨਾ ਹੈ ਤੇ ਇਸ ਦੇ—

1. 'ਅੱਖਰੀ ਅਰਥ' ਸਿਖਣੇ ਹਨ,
2. 'ਭਾਵ-ਅਰਥ' ਸਮਝਣੇ ਹਨ,
3. 'ਅੰਤ੍ਰੀਵ ਅਰਥ' ਵੀਚਾਰਨੇ ਹਨ,
4. ਅਨੁਭਵੀ 'ਚੁੰਬਕ-ਛੋਹ' ਅਥਵਾ 'ਨਾਮ' ਦਾ ਰਸ ਮਾਨਣਾ ਹੈ ।

ਜਦ ਅਸੀਂ ਕਿਸੇ ਨਾਲ ਗੱਲ-ਬਾਤ ਕਰਦੇ ਹਾਂ ਤਾਂ ਦੋਹਾਂ ਧਿਰਾਂ ਦਾ ਇਕੋ ਦਰਜੇ (level) ਤੇ 'ਧਿਆਨ' ਹੋਣਾ ਲਾਜ਼ਮੀ ਹੈ, ਤਦ ਹੀ ਉਨ੍ਹਾਂ ਦੇ ਖਿਆਲਾਂ ਤੇ ਵਲਵਲਿਆਂ ਦਾ 'ਮੇਲ' ਹੋ ਸਕਦਾ ਹੈ ਤੇ ਸਹੀ ਜਵਾਬ (response) ਵਣਜ-ਵਪਾਰ, 'ਲੇਵਾ-ਦੇਵੀ' ਹੋ ਸਕਦੀ ਹੈ ।

ਇਸੇ ਤਰ੍ਹਾਂ ਜਦ ਅਸੀਂ ਗੁਰਬਾਣੀ ਪੜ੍ਹਦੇ ਹਾਂ ਤਾਂ ਸਾਡੀਆਂ ਗੁਰੂ ਸਾਹਿਬਾਨ ਨਾਲ 'ਗੱਲਾਂ' ਹੁੰਦੀਆਂ ਹਨ । ਜਿਸ ਆਤਮਿਕ ਪੱਧਰ ਤੇ ਬਾਣੀ ਰਚੀ ਗਈ ਹੈ, ਉਸੇ ਜਾਂ ਉਸ ਦੇ ਨੇੜੇ-ਤੇੜੇ ਪੱਧਰ ਤੇ ਸਾਡੇ ਮਨ ਦਾ 'ਧਿਆਨ' ਹੋਵੇ, ਤਾਂ ਹੀ ਅਸੀਂ ਗੁਰਬਾਣੀ ਦੇ ਭਾਵ ਨੂੰ ਸਮਝ, 'ਬੁਝ', 'ਚੀਨ' ਸਕਦੇ ਹਾਂ ਤੇ ਗੁਰੂ ਸਾਹਿਬਾਨ ਦੇ ਪਾਵਨ ਹਿਰਦੇ ਦੀ 'ਛੋਹ' ਦੁਆਰਾ ਅੰਤ੍ਰ-ਆਤਮੇ 'ਮੇਲ' ਜਾਂ 'ਜੀਓ-ਜਾਣੇ' ਹੋ ਸਕਦੇ ਹਾਂ ਤੇ 'ਨਾਮ ਦਾ ਪ੍ਰਕਾਸ਼' ਹੋ ਸਕਦਾ ਹੈ ।

ਇਥੇ ਰੇਡੀਓ ਦਾ ਸੋਹਣਾ ਉਦਾਹਰਣ ਦਿਤਾ ਜਾ ਸਕਦਾ ਹੈ । ਜੇਕਰ ਸਾਡੇ ਰੇਡੀਓ ਦਾ ਵੇਵ-ਲੈਂਥ (wave length) ਜਲੰਧਰ ਦੇ ਰੇਡੀਓ ਸਟੇਸ਼ਨ (Radio station) ਦੇ ਵੇਵ-ਲੈਂਥ ਨਾਲ ਸੁਰ (tune) ਨਾ ਹੋਵੇ ਤਾਂ ਸਾਡੇ ਰੇਡੀਓ ਦਾ, ਜਲੰਧਰ ਸਟੇਸ਼ਨ ਨਾਲ, ਮੇਲ (communication) ਨਹੀਂ ਹੋ ਸਕਦਾ ਤੇ ਅਸੀਂ ਉਥੋਂ ਦੇ ਪ੍ਰੋਗਰਾਮ ਤੋਂ ਵਾਂਝੇ ਰਹਿ ਜਾਂਦੇ ਹਾਂ ।

ਏਸੇ ਤਰ੍ਹਾਂ ਸਾਡੇ ਮਨ ਦਾ 'ਧਿਆਨ' ਗੁਰਬਾਣੀ ਦੇ ਉਚੇ-ਸੁੱਚੇ ਆਤਮਿਕ ਵੇਵਲੈਂਥ ਤੇ 'ਸੁਰ' ਨਾ ਹੋਣ ਕਾਰਣ, ਅਸੀਂ ਗੁਰਬਾਣੀ ਦਾ ਪੂਰਾ 'ਅਨੁਭਵੀ' ਲਾਭ ਨਹੀਂ ਲੈ ਰਹੇ, ਤੇ ਗੁਰੂ ਸਾਹਿਬਾਨ ਦੇ ਪਾਵਨ 'ਹਿਰਦੇ', 'ਹਜ਼ੂਰੀ' ਨਾਲ, ਅੰਤਰ ਆਤਮੇ 'ਮੇਲ' ਨਹੀਂ ਹੁੰਦਾ । ਇਸੇ ਲਈ ਸਾਡਾ ਆਤਮ-ਮੰਡਲ ਦੇ 'ਸੱਚੇ-ਧਨ', 'ਨਾਮ' ਦਾ 'ਵਣਜ-ਵਪਾਰ' ਜਾਂ 'ਲੇਵਾ-ਦੇਵੀ' ਨਹੀਂ ਹੁੰਦੀ ਤੇ ਸਾਡਾ ਮਾਇਕੀ ਜੀਵਨ ਰੁਖਾ-ਸੁਖਾ, ਰਸ-ਹੀਨ ਹਉਮੈ ਦੇ ਅਸਰ ਹੇਠ, ਝੂਠਿਆਂ ਧੰਧਿਆ ਤੇ ਮੋਹ ਮਾਇਆ ਵਿਚ ਪਲਚਿ

ਪਲਚਿ ਕੇ ਦੁਖੀ ਹੋ ਰਿਹਾ ਹੈ ।

ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ ॥
ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥ (ਪੰਨਾ-791)

ਜਿਨ੍ਹੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ ॥
ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥ (ਪੰਨਾ-420)

ਸਾਡਾ 'ਧਰਮ ਪ੍ਰਚਾਰ' ਭੀ, ਏਸੇ 'ਬੇ-ਧਿਆਨੀ' ਤੇ ਅਗਿਆਨਤਾ ਦੇ ਭੁਲੇਖਿਆਂ ਵਿਚ, 'ਬੇ-ਰਸਾ' ਤੇ 'ਓਪਰਾ ਜਿਹਾ' ਹੋ ਰਿਹਾ ਹੈ ਤੇ ਸਾਡੇ ਹਿਰਦੇ ਦੀਆਂ ਕੋਮਲ ਕਿੰਗਰੀਆਂ ਨੂੰ ਟੁੰਬਣ ਜਾਂ 'ਆਤਮਿਕ ਵਲਵਲਿਆਂ' ਦੀਆਂ ਆਕਾਸ਼ੀ ਉਡਾਰੀਆਂ ਲਾਉਣ ਤੋਂ ਅਸਮਰਥ ਹੈ ਤੇ ਅਸੀਂ ਆਤਮਿਕ ਪ੍ਰਕਾਸ਼ ਜਾਂ 'ਪ੍ਰਿਮ-ਰਸ' ਤੋਂ ਵਾਂਝੇ ਜਾ ਰਹੇ ਹਾਂ :—

ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥ (ਪੰਨਾ-380)

ਗਿਆਨੁ ਗਿਆਨੁ ਕਥੈ ਸਭੁ ਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥
(ਪੰਨਾ-831)

ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥ (ਪੰਨਾ-655)

ਸਾਡੇ 'ਬੇ-ਧਿਆਨੇ' ਪਾਠ ਦਾ ਇਕ ਛੋਟਾ ਜਿਹਾ ਉਦਾਹਰਣ ਦਿਤਾ ਜਾਂਦਾ ਹੈ :—

'ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ (ਪੰਨਾ-378)

ਪਹਿਲੀ ਪੰਗਤੀ : 'ਅਵਰਿ ਕਾਜ' :— ਅਸੀਂ ਕਦੇ ਧਿਆਨ ਹੀ ਨਹੀਂ ਦਿਤਾ ਕਿ ਇਹ 'ਅਵਰਿ ਕਾਜ' ਕਿਹੜੇ ਹਨ, ਜਿਹੜੇ ਸਾਡੇ ਕਿਤੇ ਕੰਮ ਨਹੀਂ ਆਉਣੇ । ਰਸਮੀ ਤੌਰ ਤੇ (routine) 'ਬੇ-ਧਿਆਨੇ', ਬੇ-ਸਮਝੇ ਹੀ ਪਾਠ ਕਰੀ ਜਾਂਦੇ ਹਾਂ । ਹਾਸੋ-ਹੀਣੀ ਗਲ ਤਾਂ ਇਹ ਹੈ ਕਿ ਜਿਹੜੇ 'ਅਵਰਿ ਕਾਜ' ਸਾਡੇ ਕਿਸੇ ਕੰਮ ਨਹੀਂ ਆਉਣੇ, ਉਹੋ ਹੀ ਅਵਰਿ ਕਾਜ ਦਿਨ ਰਾਤ ਕਰੀ ਜਾਂਦੇ ਹਾਂ, ਉਨ੍ਹਾਂ ਵਿਚ ਹੀ 'ਗਲਤਾਨ' ਤੇ ਮਸਤ ਹਾਂ । ਹੈਰਾਨੀ ਵਾਲੀ ਗਲ ਤਾਂ ਇਹ ਹੈ ਕਿ ਅਸੀਂ ਹੋਰ ਮਾਇਕੀ ਜੀਵਨ ਦੇ ਕੰਮਾਂ ਨੂੰ ਚੰਗੀ ਤਰ੍ਹਾਂ ਘੋਖਦੇ, ਤੋਲਦੇ ਤੇ ਵਿਚਾਰਦੇ ਹਾਂ, ਪਰ ਗੁਰਬਾਣੀ ਦੀ ਇਸ ਤੁਕ ਤੇ ਵਿਚਾਰ ਕਰਨ ਦੀ ਕਦੇ ਲੋੜ ਹੀ ਨਹੀਂ ਭਾਸੀ ਤੇ ਸਾਡੇ ਮਨ ਵਿਚ ਇਹ ਸਵਾਲ ਭੀ ਕਦੇ ਨਹੀਂ ਉਪਜਿਆ ਕਿ ਜੇ ਇਹ ਸਾਡੇ 'ਅਵਰਿ ਕਾਜ' ਕਿਤੇ ਕੰਮ ਨਹੀਂ ਆਉਣੇ ਤਾਂ ਕੰਮ ਆਉਣ ਵਾਲੇ ਕਿਹੜੇ ਕਾਜ ਹਨ ?

ਦੂਜੀ ਪੰਗਤੀ : 'ਮਿਲੁ ਸਾਧ ਸੰਗਤਿ' ਵਿਚ ਸਪਸ਼ਟ ਪ੍ਰੇਰਨਾ ਤੇ ਤਾਕੀਦੀ ਹੁਕਮ ਹੈ ਕਿ 'ਸਾਧ ਸੰਗਤ' ਵਿਚ ਵਿਚਰਦਿਆਂ ਹੋਇਆ :—

'ਭਜੁ ਕੇਵਲ ਨਾਮ' ਦਾ ਕੰਮ ਕਰਨਾ ਹੈ, ਜਿਹੜਾ ਸਾਡੇ ਲੋਕ ਪ੍ਰਲੋਕ ਵਿਚ ਕੰਮ ਆਵੇਗਾ ਤੇ ਸਹਾਈ ਹੋਵੇਗਾ ।

ਪਰ ਸਾਨੂੰ ਤਾਂ ਪਹਿਲਾਂ ਇਹ ਹੀ ਨਿਰਣਾ ਨਹੀਂ ਕਿ 'ਸਾਧ ਸੰਗਤ' ਕੀ ਹੈ ? ਅਤੇ ਨਾ ਹੀ 'ਸਾਧ ਸੰਗਤਿ' ਕਰਨ ਦੀ ਫੁਰਸਤ ਤੇ ਲੋੜ ਹੀ ਭਾਸਦੀ ਹੈ, ਕਿਉਂਕਿ ਅਸੀਂ ਆਪੂੰ-ਸਹੇੜੇ ਹੋਏ ਅਜਾਈਂ ਰੁਝੇਵਿਆਂ ਵਿਚ ਇਤਨੇ ਗਲਤਾਨ ਤੇ ਮਸਤ ਹਾਂ ਕਿ ਹੋਰ ਕੋਈ ਉਚੇਰੀ-ਚੰਗੇਰੀ ਗਲ ਵਲ ਧਿਆਨ ਦੇਣਾ ਹੀ ਬੇਲੋੜਾ ਜਾਪਦਾ ਹੈ !

'ਭਜੁ ਕੇਵਲ ਨਾਮੁ'

ਸਾਨੂੰ ਨਾ 'ਨਾਮ' ਦਾ ਗਿਆਨ ਹੈ, ਤੇ ਨਾ 'ਭਜੁ' (ਜਾਪ), 'ਸਿਮਰਨ' ਦਾ ਪਤਾ ਹੈ । ਇਸ ਤਾਕੀਦੀ 'ਹੁਕਮ' ਵਲ ਧਿਆਨ ਦੇਣ ਦੀ ਲੋੜ ਹੀ ਨਹੀਂ ਭਾਸਦੀ, ਉਦਮ ਤਾਂ ਕੀ ਕਰਨਾ ਸੀ ।

ਲਫ਼ਜ਼ 'ਕੇਵਲ' ਖ਼ਾਸ ਧਿਆਨ ਜੋਗ ਹੈ :

ਇਸਦਾ ਮਤਲਬ ਇਹ ਹੈ ਕਿ ਸਾਨੂੰ ਸਿਰਫ਼, 'ਨਾਮ ਜਪਣ' 'ਸਿਮਰਨ' ਕਰਨ ਦਾ ਹੀ ਤਾਕੀਦੀ ਹੁਕਮ ਹੈ । ਇਸ ਤੋਂ ਇਲਾਵਾ ਹੋਰ ਸਭ ਕੰਮ ਕਾਜ, ਰੁਝੇਵੇਂ ਸਾਡੇ ਕਿਸੇ ਕੰਮ ਨਹੀਂ ਆਉਣੇ ।

ਉਪਰਲੇ ਉਦਾਹਰਣ ਤੋਂ ਸਪਸ਼ਟ ਹੈ ਕਿ ਅਸੀਂ ਬਾਣੀ ਦਾ ਪਾਠ ਤੇ ਗਾਇਣ, ਬੇ-ਧਿਆਨੇ, ਬੇ-ਸਮਝੇ 'ਰਟਨ' ਹੀ ਕਰ ਛਡਦੇ ਹਾਂ । ਬਾਣੀ ਨੂੰ ਸਮਝ ਕੇ, ਵਿਚਾਰ ਕੇ, ਕਮਾਉਣ ਲਈ ਸਾਡੇ ਜੀਵਨ ਵਿਚ ਫੁਰਸਤ ਹੀ ਨਹੀਂ ਅਤੇ ਲੋੜ ਭੀ ਨਹੀਂ ਭਾਸਦੀ, ਜਾਂ ਅਸੀਂ ਜਾਣ ਬੁਝ ਕੇ ਅਵੇਸਲੇ ਤੇ ਮਚਲੇ ਹੋਏ ਹਾਂ ।

ਦੁੱਖ ਦੀ ਗੱਲ ਤਾਂ ਇਹ ਹੈ ਕਿ ਜਿਨ੍ਹਾਂ 'ਕਰਮ ਕਾਂਡਾਂ' ਤੋਂ ਸਾਨੂੰ ਗੁਰੂ ਸਾਹਿਬਾਨ ਨੇ ਕਢਿਆ ਸੀ, ਅਸੀਂ ਉਨ੍ਹਾਂ ਹੀ ਕਰਮ-ਕ੍ਰਿਆ ਵਿਚ ਮੁੜ ਫਸ ਗਏ ਹਾਂ ਤੇ ਐਨੇ ਗਲਤਾਨ ਤੇ ਮਸਤ ਹਾਂ, ਕਿ ਸਾਨੂੰ ਗੁਰਬਾਣੀ ਵਿਚ ਦਰਸਾਏ ਗਏ ਅੰਤ੍-ਮੁਖੀ ਆਤਮਿਕ 'ਆਸ਼ੇ' ਜਾਂ 'ਤਤ' ਦਾ —

ਗਿਆਨ ਹੀ ਨਹੀਂ
ਦਿਲਚਸਪੀ ਹੀ ਨਹੀਂ
ਲੋੜ ਹੀ ਨਹੀਂ
ਉਦਮ ਹੀ ਨਹੀਂ
ਭੁੱਖ ਹੀ ਨਹੀਂ
ਪਿਆਸ ਹੀ ਨਹੀਂ
ਕਾਂਖੀ ਹੀ ਨਹੀਂ
ਫੁਰਸਤ ਹੀ ਨਹੀਂ
ਨਿਸਚਾ ਹੀ ਨਹੀਂ ।

ਜਿਸ ਦਾ ਨਤੀਜਾ ਇਹ ਹੈ ਕਿ ਅਸੀਂ ਉਸ 'ਆਤਮਿਕ' 'ਤਤ-ਗਿਆਨ' ਜਾਂ 'ਨਾਮ' ਤੋਂ ਕੋਰੇ ਹਾਂ, ਅਣਜਾਣ ਹਾਂ, ਬੇ-ਖਬਰ ਹਾਂ, ਅਵੇਸਲੇ ਹਾਂ, ਮਚਲੇ ਹੋਏ ਹਾਂ ਤੇ ਬਾਹਰ ਮੁਖੀ, ਫੋਕੇ, ਮੁਰਦਾ ਸਾਧਨਾ ਵਿਚ ਹੀ ਆਪਣਾ ਅਮੋਲਕ ਜੀਵਨ ਅਜਾਈਂ ਗਵਾ ਰਹੇ ਹਾਂ !

ਇਸ ਧਾਰਮਿਕ 'ਗਿਲਾਨੀ' ਦਾ ਮੂਲ-ਕਾਰਣ ਸਾਡੀ 'ਹਉਮੈ' ਹੀ ਹੈ । ਤ੍ਰੈਗੁਣੀ 'ਮਾਇਕੀ ਮੰਡਲ' ਅੰਦਰ 'ਹਉਮੈ' ਦਾ ਹੀ ਪਸਾਰਾ, ਬੋਲਬਾਲਾ ਤੇ ਵਰਤਾਰਾ ਹੈ ।

ਹਉ ਵਿਚਿ ਆਇਆ ਹਉ ਵਿਚਿ ਗਇਆ ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥

ਹਉ ਵਿਚਿ ਦਿਤਾ ਹਉ ਵਿਚਿ ਲਇਆ ॥ ਹਉ ਵਿਚਿ ਖਟਿਆ ਹਉ ਵਿਚਿ ਗਇਆ ॥

ਹਉ ਵਿਚਿ ਸਚਿਆਰੁ ਕੂੜਿਆਰੁ ॥

ਹਉ ਵਿਚਿ ਪਾਪ ਪੁੰਨ ਵੀਚਾਰੁ ॥ ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥

ਹਉ ਵਿਚਿ ਹਸੈ ਹਉ ਵਿਚਿ ਰੋਵੈ ॥

ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥ ਹਉ ਵਿਚਿ ਜਾਤੀ ਜਿਨਸੀ ਖੋਵੈ ॥

ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥ ਮੋਖ ਮੁਕਤਿ ਕੀ ਸਾਰ ਨਾ ਜਾਣਾ ॥

ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥

ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥

ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥ (ਪੰਨਾ-466)

ਜਿਸ ਤਰ੍ਹਾਂ ਅੰਨ੍ਹਿਆਂ ਦਾ ਹਾਥੀ ਬਾਰੇ ਬਿਆਨ ਕਰਨਾ, 'ਅੱਡ-ਅੱਡ' ਤੇ ਗਲਤ ਹੁੰਦਾ ਹੈ, ਇਸੇ ਤਰ੍ਹਾਂ 'ਮਾਇਕੀ' ਹਨੇਰ ਦੇ 'ਭਰਮ-ਭੁਲਾਵੇ' ਵਿਚ, ਹਰ ਇਕ ਜੀਵ ਦੇ ਖਿਆਲ, ਨਿਸਚੇ, ਧਰਮ-ਕਰਮ-ਕ੍ਰਿਆ, 'ਵੱਖ-ਵੱਖ' ਹੋਣੇ ਲਾਜ਼ਮੀ ਹਨ ਤੇ ਇਨ੍ਹਾਂ ਦੇ ਨਤੀਜੇ ਭੀ 'ਅੱਡ-ਅੱਡ' ਹੁੰਦੇ ਹਨ ।

ਤ੍ਰੈਗੁਣੀ ਮਾਇਕੀ ਹਨੇਰ ਵਿਚ, ਪਿਛਲੇ ਸੰਸਕਾਰਾਂ, ਤੇ ਹੁਣ ਦੀ ਸੰਗਤ ਦੁਆਰਾ ਬਣੀ ਹੋਈ, ਜੀਵ ਦੀ 'ਹੋਂਦ' ਦੀ ਰੰਗਤ, ਅੱਡ-ਅੱਡ ਹੋਣੀ ਅਵੱਸ਼ ਹੈ ।

ਮਾਇਕੀ 'ਭਰਮ-ਭੁਲਾਵੇ' ਵਿਚੋਂ ਉਪਜੇ ਹੋਏ 'ਵਿਤਕਰੇ' (differences) ਹੀ, ਸਾਡੇ ਖਿਆਲਾਂ, ਨਿਸਚਿਆਂ, ਧਰਮਾਂ, ਕਰਮ-ਕ੍ਰਿਆ ਦੀ 'ਅਨੇਕਤਾ' ਵਿਚ ਵਾਦ-ਵਿਵਾਦ, ਈਰਖਾ, ਦਵੈਤ, ਤੁਅੱਸਬ, ਨਫ਼ਰਤ, ਟਾਕਰਾ ਤੇ ਝਗੜੇ ਦਾ ਮੂਲ ਕਾਰਣ ਬਣਦੇ ਹਨ ।

ਜਦ ਇਨ੍ਹਾਂ ਵਿਚ 'ਹਉਮੈ' ਤੇ 'ਤ੍ਰਿਸ਼ਨਾ ਦੀ ਅੱਗ' ਭਖ ਪੈਂਦੀ ਹੈ ਤਾਂ ਇਹ 'ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ' ਵਾਲੀ ਅਵਸਥਾ ਬਣ ਜਾਂਦੀ ਹੈ ਤੇ ਸਾਡੇ ਧਰਮਾਂ ਦੀ 'ਗਿਲਾਨੀ' ਦਾ ਮੁਢਲਾ ਕਾਰਣ ਬਣ ਜਾਂਦੀ ਹੈ ਤੇ ਅਸੀਂ—

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-133)

ਅਨੁਸਾਰ ਆਪਣਾ ਅਮੋਲਕ ਜੀਵਨ ਅਜਾਈਂ ਗਵਾ ਰਹੇ ਹਾਂ ਤੇ—

ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ (ਪੰਨਾ-761)

ਵਿਚ ਹੀ ਗਲਤਾਨ ਤੇ ਮਸਤ ਹਾਂ ।

ਗੁਰਬਾਣੀ ਸਾਡੀ 'ਅਨੇਕਤਾ', 'ਦੂਜੇ-ਭਾਉ' ਵਾਲੀ ਬਿਰਤੀ ਨੂੰ ਏਕਤਾ '੧ੴ ਸਤਿਨਾਮ' ਵਲ ਪ੍ਰੇਰਦੀ ਹੈ, ਪਰ ਅਲਪੱਗ ਬੁੱਧੀ ਦੇ 'ਵਿਤਕਰੇ ਤੇ ਸਿਆਣਪਾਂ' ਨਾਲ, ਬਾਣੀ ਨੂੰ ਆਪੋ ਆਪਣੀ 'ਰੰਗਤ' ਚਾੜ੍ਹ ਕੇ, ਆਪਣੀ 'ਹਉਮੈ-ਵੇੜੀ' ਅਲਪੱਗ ਬੁੱਧੀ ਦੇ 'ਭਰਮ ਭੁਲਾਵੇ' ਦੁਆਰਾ ਹੀ ਅਰਥ ਕਢਦੇ ਹਾਂ ਤੇ ਆਪੋ ਆਪਣੇ ਫੋਕੇ ਦਿਮਾਗੀ ਗਿਆਨ ਨਾਲ, ਬਾਣੀ ਦੇ ਅਰਥ ਤੇ ਵਿਖਿਆਨ ਕਰਦੇ ਹਾਂ । ਬਾਣੀ ਦੇ ਡੂੰਘੇ ਤੇ 'ਅੰਤ੍ਰੀਵ ਅਨੁਭਵੀ ਗਿਆਨ' ਤੋਂ ਕੋਰੇ ਤੇ ਅਣਜਾਣ ਹੋਣ ਕਾਰਣ ਇਨ੍ਹਾਂ ਦੇ ਗੁਝੇ ਆਤਮਿਕ ਭਾਵਾਂ, ਅਰਥਾਂ ਦਾ 'ਟਾਲ ਮਟੋਲ' ਹੀ ਕਰ ਛਡਦੇ ਹਾਂ ਤੇ ਭੋਲੀ ਭਾਲੀ ਜਨਤਾ ਨੂੰ ਦਿਮਾਗੀ ਗਿਆਨ ਦੇ ਭਰਮ-ਭੁਲਾਵੇ ਅਥਵਾ ਭੰਬਲ-ਭੂਸਿਆਂ ਵਿਚ ਫਸਾਈ ਰਖਦੇ ਹਾਂ ।

ਇਹੋ ਕਾਰਣ ਹੈ ਕਿ ਅਸੀਂ ਗੁਰਬਾਣੀ ਦੇ ਆਤਮਿਕ ਚਾਨਣ, 'ਜੀਵਨ ਸੇਧ' ਤੇ ਅਗਵਾਈ ਤੋਂ ਵਾਂਝੇ ਜਾ ਰਹੇ ਹਾਂ ਤੇ ਸਾਡਾ ਅਮੋਲਕ ਜੀਵਨ ਮਾਇਕੀ ਭਰਮ-ਭੁਲੇਖਿਆਂ ਨਾਲ ਕੂੜੀਆਂ ਤੇ ਹੋਛੀਆਂ ਗੱਲਾਂ ਵਿਚ ਹੀ ਫਸਿਆ ਰਹਿੰਦਾ ਹੈ ।

ਹੇਠਲਾ ਬਿਉਰਾ ਸਾਨੂੰ ਆਪਣੇ ਅਗਲੇਰੇ ਧਾਰਮਿਕ ਜੀਵਨ ਨੂੰ ਸਹੀ ਤੇ ਉਚੇਰੀ

| | |
|---|---|
| 1. ਅੰਤਰ-ਆਤਮੇ ਅਨੁਭਵੀ 'ਮੰਡਲ' ਦਾ ਜ਼ਿਕਰ, ਬਿਆਨ, ਗਿਆਨ ਤੇ 'ਟੋਹ' ਗੁਰਬਾਣੀ ਵਿਚ 'ਸ਼ਬਦ', 'ਨਾਮ', 'ਅੰਮ੍ਰਿਤ', 'ਹਰਿ-ਜਲ', 'ਪ੍ਰਿਮ-ਪਿਆਲਾ', 'ਆਤਮ-ਪ੍ਰਕਾਸ਼', 'ਮਹਾਂ-ਰਸ', 'ਰੁਣ ਝੁਣ', 'ਅਚਰਜ', 'ਬਿਸਮਾਦ', 'ਅਲਮਸਤ-ਮਤਵਾਰਾ', ਆਦਿ ਸ਼ਬਦਾਂ ਦੁਆਰਾ ਸਪਸ਼ਟ ਤੌਰ ਤੇ ਦਿਤੀ ਗਈ ਹੈ । | 1. ਇਹ ਅਨੁਭਵੀ ਆਤਮਿਕ 'ਮੰਡਲ' ਸਾਡੀ ਦ੍ਰਿਸ਼ਟੀ ਤੇ ਬੁੱਧੀ ਦੀ ਪਕੜ ਤੋਂ ਪਰ੍ਹੇ ਹੋਣ ਕਾਰਣ, ਇਸ ਉਤੇ ਸਾਡਾ ਨਿਸਚਾ ਹੀ ਨਹੀਂ, ਜਾਂ ਓਪਰਾ ਜਿਹਾ, ਤੇ ਨਾ ਦਿਲਚਸਪੀ ਵਾਲਾ ਹੈ, ਤੇ ਇਸ ਦੇ ਲਈ ਉਦਮ ਕਰਨ ਦੀ ਲੋੜ ਹੀ ਨਹੀਂ ਭਾਸਦੀ। |
| 2. ਇਹ ਆਤਮਿਕ ਗਿਆਨ, ਅੰਤਰ-ਆਤਮੇ 'ਅਨੁਭਵ ਦੁਆਰਾ' ਹੀ ਪ੍ਰਕਾਸ਼ ਹੁੰਦਾ ਹੈ । ਜਿਸ ਵਿਚ ਇਕੋ (੧ੴ) ਦੀ ਸ਼ਰਧਾ-ਭਾਵਨੀ ਹੈ ਜੋ ਕਿ 'ਪ੍ਰੇਮ ਸਵੈਪਨਾ' ਵਿਚ ਪਲਦੀ ਹੈ । | 2. ਬਾਹਰਮੁਖੀ ਤ੍ਰੈਗੁਣੀ ਦਿਮਾਗੀ ਗਿਆਨ, ਸੁਣਿਆ-ਸੁਣਾਇਆ, ਸਿਖਿਆ-ਸਿਖਾਇਆ, ਸਮਝਿਆ-ਸਮਝਾਇਆ ਜਾਂਦਾ ਹੈ, ਜੋ ਕਿ 'ਬਾਹਰੋਂ' ਪ੍ਰਾਪਤ ਕੀਤਾ ਜਾਂਦਾ ਹੈ । ਇਹ ਗਿਆਨ ਭਿੰਨ ਭਿੰਨ ਖਿਆਲਾਂ ਤੇ ਨਿਸਚਿਆਂ ਵਾਲਾ ਹੋਣ ਕਾਰਣ, ਵਾਦ-ਵਿਵਾਦ, ਵੈਰ-ਵਿਰੋਧ, ਤੁਅੱਸਬ, ਨਫਰਤ, ਲੜਾਈਆਂ ਅਤੇ ਝਗੜਿਆਂ ਦਾ |
| 3. ਇਹ ਆਤਮਿਕ ਅਵਸਥਾ ਸਿਰਫ | |

| | |
|---|---|
| 'ਮਿਲੁ ਸਾਧਸੰਗਤਿ ਭਜੁ ਕੇਵਲ ਨਾਮ' ਦੇ ਤਾਕੀਦੀ ਹੁਕਮ ਅਨੁਸਾਰ 'ਸਾਧ ਸੰਗਤ' ਵਿਚ ਵਿਚਰਦਿਆਂ ਹੋਇਆਂ, ਨਾਮ ਅਭਿਆਸ ਕਮਾਈ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ । | ਕਾਰਣ ਬਣਦਾ ਹੈ । |
| | 3. ਪਰ ਅਸੀਂ ਸਿਮਰਨ ਨੂੰ ਚੰਗੀ ਤਰ੍ਹਾਂ ਭੁਲਾ ਛਡਿਆ ਹੈ, ਤੇ ਨਾਮ ਅਭਿਆਸ ਕਮਾਈ ਵਾਧੂ ਜਾਂ ਬੇਲੋੜੀ ਭਾਸਦੀ ਹੈ । |
| 4. 'ਨਾਮ ਬਿਨਾ ਸਭਿ ਕੂੜ ਗਾਲੀ ਹੋਛੀਆਂ ॥' 'ਨਾਨਕ ਲੇਖੈ ਇਕ ਗਲ ਹੋਰ ਹਉਮੈ ਝਖਣਾ ਝਾਖ ॥' | 4. ਪਰ ਅਸੀਂ ਲੇਖੇ ਵਾਲੀ ਇਕ ਗੱਲ 'ਨਾਮ ਸਿਮਰਨ' ਨੂੰ ਭੁਲਾ ਕੇ, ਕੂੜੀਆਂ ਤੇ ਹੋਛੀਆਂ ਗੱਲਾਂ 'ਝਖਣਾ-ਝਾਖ' ਵਿਚ ਹੀ ਗਲਤਾਨ ਹਾਂ । |
| 5. 'ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥' | 5. 'ਨਾਮ-ਹੀਨ', 'ਸਿਮਰਨ-ਹੀਨ', 'ਦੂਜੇ ਭਾਓ' ਦੇ 'ਜ਼ਹਿਰ' ਨਾਲ ਲਥ-ਪਥ ਜੀਵਨ, 'ਸਰਪ' ਦੀ ਨਿਆਈਂ ਬਿਤਾ ਰਹੇ ਹਾਂ । |
| 6. 'ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ ॥' 'ਜੋਤ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ ॥' | 6. ਜੋ 'ਮਾਣਕ-ਮੋਤੀ ਨਾਮ' ਗੁਰਬਾਣੀ ਵਿਚ ਦਰਸਾਏ ਹਨ, ਅਸੀਂ ਉਨ੍ਹਾਂ ਨੂੰ ਕੌਡੀਆਂ ਤੋਂ ਭੀ ਸਸਤੇ ਕਰ ਦਿਤਾ ਹੈ, ਤੇ ਆਪਣੀ ਅਗਿਆਨਤਾ ਵਿਚ ਰਸਮੀ ਤੌਰ ਤੇ ਇਸ ਦੇ ਉਪਰ ਦੀ ਲੰਘ ਰਹੇ ਹਾਂ । |
| 7. 'ਗੁਰਬਾਣੀ' ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥' | 7. ਅਸੀਂ ਬਾਣੀ ਦੀ ਸੇਵਾ, ਪੂਜਾ, ਪਾਠ, ਵਖਿਆਨ, ਕੀਰਤਨ ਬਹੁਤ ਕਰਦੇ ਹਾਂ, ਪਰ ਬਾਣੀ ਦੇ ਉਪਦੇਸ਼ਾਂ ਨੂੰ ਕਮਾਉਣ ਵਲ ਧਿਆਨ ਹੀ ਨਹੀਂ ਦਿੰਦੇ । ਇਸ ਲਈ 'ਪਰਤਖਿ ਗੁਰੂ ਨਿਸਤਾਰੇ' ਤੋਂ ਵਾਂਝੇ ਜਾ ਰਹੇ ਹਾਂ । |
| 8. 'ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥' 'ਬੈਖਰੀਦੁ ਕਿਆ ਕਰੇ ਚਤੁਰਾਈ ਇਹੁ ਜੀਉ ਪਿੰਡੁ ਸਭੁ ਥਾਰੇ ॥' | 8. ਸਾਡੀ ਸੇਵਾ ਦੇ ਪਿਛੇ ਕੋਈ ਨਿਜੀ ਸੁਆਰਥ, ਮਾਇਕੀ ਗਰਜ਼ ਜਾਂ 'ਹਉਮੈ' ਹੁੰਦੀ ਹੈ । |

'ਆਪ ਗਵਾ' ਕੇ 'ਬੈਖਰੀਦੁ ਗੋਲਾ' ਬਣਨਾ ਹੈ ।

9. ਪਿਛਲੇ ਸਮੇਂ ਵਿਚ ਜੀਵਨ ਵਾਲੇ, ਗੁਰਮੁਖ ਪਿਆਰੇ, ਬਖਸ਼ੇ ਹੋਏ, ਮਹਾਂ ਪੁਰਖ ਧਰਮ ਅਸਥਾਨਾਂ ਦੇ ਮੁਖੀ ਜਾਂ ਸੇਵਾਦਾਰ ਹੁੰਦੇ ਸਨ ।

10. ਪਿਛਲੇ ਸਮੇਂ ਵਿਚ ਧਰਮ ਅਸਥਾਨ, ਟਾਵੇਂ ਟਾਵੇਂ ਹੁੰਦੇ ਸਨ ਪਰ ਉਨ੍ਹਾਂ ਵਿਚ 'ਪ੍ਰੇਮ-ਸਵੈਪਨਾ', ਸੇਵਾ ਭਾਵ ਤੇ ਆਤਮਿਕ ਰਸ ਦਾ ਉਚਾ-ਸੁੱਚਾ ਸੋਹਣਾ ਇਲਾਹੀ 'ਮਹੌਲ' ਹੁੰਦਾ ਸੀ, ਜਿਥੇ ਜਾ ਕੇ ਸ਼ਾਂਤੀ, ਪ੍ਰੀਤ, ਪ੍ਰੇਮ, ਸੇ ਵਾ ਦਾ ਚਾਉ ਉਪਜਦਾ ਸੀ ।

11. ਪੁਰਾਣੇ ਸਮੇਂ ਵਿਚ 'ਧਰਮ ਅਸਥਾਨ', ਕੱਚੇ ਹੁੰਦੇ ਸਨ ਤੇ ਸਿੱਖ 'ਪੱਕੇ' ਹੁੰਦੇ ਸਨ ।

12. ਸੁਯੋਗਤਾ (quality) ਹੁੰਦੀ ਸੀ, ਭਾਵੇਂ ਗਿਣਤੀ (quantity) ਘੱਟ ਸੀ ।

13. 'ਅਵਰਿ ਕਾਜ ਤੇਰੈ ਕਿਤੈ ਨਾ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥'

ਅਸੀਂ 'ਮਾਇਆ' ਦੇ ਹੀ 'ਬੈ-ਖਰੀਦ ਗੋਲੇ' ਬਣੇ ਹੋਏ ਹਾਂ, ਤੇ ਆਪਣੀਆਂ ਚਤੁਰਾਈਆਂ ਨਾਲ, 'ਮੈਂ-ਮੇਰੀ' ਦੀ ਸੇਵਾ ਵਿਚ ਗਲਤਾਨ ਹਾਂ ।

ਅਸੀਂ ਆਪਣੀ ਸੇਵਾ ਦਾ ਮੁੱਲ ਲੈਂਦੇ ਹਾਂ । ਧਰਮ ਅਸਥਾਨਾਂ ਵਿਚ ਸਾਰੇ ਸੇਵਾਦਾਰ 'ਤਨਖਾਹਦਾਰ' ਹਨ । ਰਾਗੀ ਤੇ ਕਥਾਕਾਰ ਬਹੁਤ ਮਹਿੰਗੇ ਮੁਲ ਬਾਣੀ ਵੇਚਦੇ ਹਨ ।

9. ਅੱਜ ਕਲ ਧਰਮ ਅਸਥਾਨਾਂ ਦੇ ਮੁਖੀ ਵੋਟਾਂ ਦੁਆਰਾ ਚੁਣੇ ਜਾਂਦੇ ਹਨ। ਇਸ ਤਰ੍ਹਾਂ ਦੀ ਚੋਣ ਨਾਲ ਭ੍ਰਿਸ਼ਟਾਚਾਰ, ਈਰਖਾ-ਦਵੈਤ, ਵੈਰ-ਵਿਰੋਧ, ਖੁਦ-ਗਰਜ਼ੀ, ਝਗੜੇ, ਲੜਾਈਆਂ ਵਧਦੇ ਹਨ ਤੇ ਹਉਮੈ ਦਾ 'ਬੋਲਬਾਲਾ' ਹੈ ਤੇ 'ਕੁਰਸੀ' ਦਾ 'ਰੌਲਾ' ਹੈ ।

10. ਅੱਜ ਕਲ ਧਾਰਮਿਕ ਅਸਥਾਨ ਤੇ ਸੰਸਥਾਵਾਂ ਬਹੁਤ ਵਧ ਗਏ ਹਨ, ਪਰ ਇਨ੍ਹਾਂ ਵਿਚ 'ਆਤਮਿਕ ਮਾਹੌਲ', 'ਸ਼ਾਂਤੀ', 'ਜੀਵਨ ਰੌਂ', ਪ੍ਰੇਮ ਤੇ ਸੇਵਾ-ਭਾਵਨਾ ਕਿਤੇ ਕਿਤੇ ਓਪਰੀ ਜਿਹੀ ਹੀ ਨਜ਼ਰ ਆਉਂਦੀ ਹੈ ।

11. ਹੁਣ ਧਰਮ ਅਸਥਾਨ ਪੱਕੇ ਹੋ ਗਏ ਹਨ ਤੇ ਸਿੱਖ ਕੱਚੇ ।

12. ਅੱਜ ਕਲ ਗਿਣਤੀ ਬਹੁਤ ਵੱਧ ਗਈ ਹੈ । ਪਰ ਸੁਯੋਗਤਾ ਘੱਟ ਗਈ ਹੈ ।

13. ਪੱਛਮੀ ਸਭਿਆਚਾਰ (western civilization) ਦੀ ਅੰਨ੍ਹੇਵਾਹ ਨਕਲ

14. ਸਾਡੇ ਜੀਵਨ ਦੇ ਸਾਰੇ ਪੱਖ ਗੁਰਬਾਣੀ ਦੇ ਆਦੇਸ਼, 'ਪ੍ਰੀਤ', 'ਪ੍ਰੇਮ', 'ਸੇਵਾ', 'ਨਾਮ', 'ਹੁਕਮ' ਦੇ 'ਧੁਰੇ' ਉਦਾਲੇ ਘੁੰਮਣੇ ਚਾਹੀਦੇ ਹਨ।

15. 'ਪ੍ਰੀਤ, ਪ੍ਰੇਮ, ਪਿਆਰ' ਹੀ ਜੀਵਨ ਰੌਂ ਹੈ, 'ਨਾਮ' ਹੈ, 'ਹੁਕਮ' ਹੈ । 'ਸਾਚੁ ਕਹੋ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ।'

16. ਇਹ ਅੰਤਰ-ਮੁੱਖੀ ਆਤਮਿਕ 'ਤੱਤ ਗਿਆਨ', ਅਨੁਭਵੀ ਤਜਰਬਾ ਹੈ, 'ਜੀਵਨ ਰੂਪ' ਹੈ, ਤੇ ਇਸ ਦਾ ਪ੍ਰਚਾਰ ਭੀ, 'ਅਨੁਭਵੀ ਖੇਲ੍ਹ' ਹੈ, ਅਬੋਲ ਹੈ, 'ਚੁਪ-ਚਬੋਲਾ' ਹੈ, 'ਚੁਪ-ਪ੍ਰੀਤ' ਹੈ, ਤੇ 'ਪ੍ਰਕਾਸ਼ ਮਈ' ਹੈ । ਇਕੋ '੧ਓ' ਦੇ ਨਿਸਚੇ ਦੀ ਬੁਨਿਆਦ ਤੇ ਨਿਰਭਰ ਹੈ ।

17. ਇਹ 'ਆਤਮਿਕ ਖੇਲ' 'ਗੁਰ ਪ੍ਰਸਾਦਿ' ਨਾਲ ਅਨੁਭਵ ਦੁਆਰਾ ਹੀ ਬੁਝੀ, ਸਿਝੀ, ਚੀਨੀ, ਪਹਿਚਾਨੀ ਜਾ ਸਕਦੀ ਹੈ ।

ਕਰ ਕੇ, ਫੈਸ਼ਨ ਤੇ ਲੋੜਾਂ ਵਧਾ ਕੇ, ਅਜਾਈਂ ਰੁਝੇਵੇਂ ਐਨੇ ਵਧਾ ਲਏ ਹਨ ਕਿ 'ਸਾਧ ਸੰਗਤਿ' ਤੇ 'ਨਾਮ ਸਿਮਰਨ' ਵਲ ਧਿਆਨ ਦੇਣ ਦੀ ਫੁਰਸਤ ਜਾਂ ਲੋੜ ਹੀ ਨਹੀਂ ਤੇ 'ਅਵਰਿ ਕਾਜ' ਵਿਚ ਹੀ ਗਲਤਾਨ ਹੋ ਕੇ 'ਮਾਇਆ' ਦਾ ਹੀ ਰੂਪ ਹੋ ਗਏ ਹਾਂ ।

14. ਅਸੀਂ ਗੁਰਬਾਣੀ ਨੂੰ ਨਿਜੀ ਸੁਆਰਥ ਜਾਂ ਮਾਇਕੀ ਗਰਜ਼ ਲਈ ਵਰਤਦੇ ਹਾਂ ਅਤੇ ਬਾਣੀ ਨੂੰ ਆਪਣੀ ਅਲਪੱਗ ਬੁੱਧੀ ਦੀ ਰੰਗਤ ਚਾੜ੍ਹ ਕੇ ਮਨ ਦੀ ਮੱਤ ਮਗਰ ਲਾਉਂਦੇ ਹਾਂ । ਇਸ ਤਰ੍ਹਾਂ ਬਾਣੀ ਦੇ ਅੰਤ੍ਰੀਵ ਆਸ਼ੇ ਤੋਂ ਦੁਰੇਡੇ ਜਾ ਰਹੇ ਹਾਂ ।

15. ਅੱਜ ਕਲ ਦੁਨੀਆਂ ਵਿਚ ਆਤਮਿਕ 'ਪਿਆਰ-ਭਾਵਨੀ' ਜਾਂ 'ਪ੍ਰੇਮ ਸਵੈਪਨਾ' ਦਾ 'ਕਾਲ' ਪਿਆ ਹੋਇਆ ਹੈ । ਜੇ ਕਿਤੇ ਪਿਆਰ ਦੀ ਝਲਕ ਨਜ਼ਰ ਆਉਂਦੀ ਹੈ ਤਾਂ ਉਸ ਦੇ ਪਿਛੇ ਭੀ 'ਗਰਜ਼' ਜਾਂ 'ਮੋਹ' ਦੀ ਅੰਸ਼ ਹੁੰਦੀ ਹੈ ।

16. ਸਾਡਾ 'ਧਰਮ ਪ੍ਰਚਾਰ' ਨਿਰਾ-ਪੁਰਾ ਦਿਮਾਗੀ ਗਿਆਨ ਦੇ ਭਿੰਨ ਭਿੰਨ ਖਿਆਲਾਂ, ਨਿਸਚਿਆਂ ਤੇ ਫਿਲੌਸਫੀਆਂ ਤੇ ਅਧਾਰਤ ਹੈ । ਜਿਸ ਕਾਰਣ ਅਕਸਰ ਇਨ੍ਹਾਂ ਵਿਚ ਵਖਰੇਵੇਂ (differences) ਦੀ ਵਜ੍ਹਾ ਨਾਲ, ਧਰਮ ਦੇ ਨਾਂ ਤੇ ਵਾਦ-ਵਿਵਾਦ, ਰਾਮ ਰੌਲਾ ਤੇ ਝਗੜੇ ਪੈਦਾ ਹੁੰਦੇ ਹਨ ।

17. ਅਸੀਂ ਇਨ੍ਹਾਂ ਗੁੱਝੇ ਭੇਦਾਂ ਵਾਲੇ

18. ਸਾਡੇ ਮਿਸ਼ਨਰੀ ਸਕੂਲ, ਕਾਲਜ, ਆਤਮਿਕ ਅਨੁਭਵੀ ਵਿਦਿਆ ਦੇ ਸਹੀ ਆਸ਼ਰਮ ਹੋਣੇ ਚਾਹੀਦੇ ਹਨ। ਜਿਥੇ ਨਾਮ ਅਭਿਆਸ ਕਮਾਈ ਵਾਲੇ, ਜੀਵਨ ਵਾਲੇ, ਗੁਰਮੁਖ ਪਿਆਰੇ 'ਮੁਖੀ' ਹੋਣੇ ਚਾਹੀਦੇ ਹਨ । ਇਨ੍ਹਾਂ ਲਈ ਵਿਦਿਅਕ ਡਿਗਰੀਆਂ ਲਾਜ਼ਮੀ ਨਹੀਂ ।

19. ਜੀਵਨ ਵਾਲੇ ਗੁਰਮੁਖ ਪਿਆਰੇ, ਬਖਸ਼ੇ ਹੋਏ ਮਹਾਂ ਪੁਰਖਾਂ ਦੀ ਸੰਗਤ, ਸਾਧ ਸੰਗਤ ਦੇ 'ਮੇਲੇ' ਤੇ'ਛੋਹ' ਨਾਲ ਉਚੇਰੇ ਆਤਮਿਕ-ਗਿਆਨ ਦਾ 'ਅਨੁਭਵ' ਹੋ ਸਕਦਾ ਹੈ ।

20. ਇਹੋ ਜਿਹੀ 'ਉੱਚੀ-ਸੁੱਚੀ' 'ਜੀਵਨ-ਵਾਲੀ' 'ਸਾਧ-ਸੰਗਤ' ਵਿਚੋਂ ਹੀ, 'ਅੰਤਰ ਮੁੱਖੀ' 'ਅਨੁਭਵੀ' ਆਤਮਿਕ ਗਿਆਨ ਦੇ ਪ੍ਰਚਾਰਕ ਪੈਦਾ ਹੋ ਸਕਦੇ ਹਨ ।

21. ਅਨੁਭਵੀ ਅੰਤ੍ਰੀਵ 'ਤੱਤ ਗਿਆਨ' ਤੋਂ ਬਗੈਰ, ਗੁਰਬਾਣੀ ਦੀ ਪੂਰੀ ਤੇ ਸਹੀ ਆਤਮਿਕ ਸੋਝੀ ਨਹੀਂ ਹੋ ਸਕਦੀ ਅਤੇ ਸਾਡੇ ਜੀਵਨ ਵਿਚ ਤਬਦੀਲੀ ਨਹੀਂ ਆ ਸਕਦੀ ।

22. 'ਗੁਰੂ ਦੀ ਮਤਿ', ਗੁਰ-ਮਤਿ ਇਕ ਹੈ, ਜੋ ਗੁਰਬਾਣੀ ਵਿਚ ਸਪਸ਼ਟ ਕੀਤੀ ਗਈ ਹੈ ।

23. 'ਚਿੰਤਤ ਹੀ ਦੀਸੈ ਸਭੁ ਕੋਇ

ਸ਼ਬਦਾਂ ਦਾ ਐਵੇਂ ਓਪਰੇ ਦਿਮਾਗੀ ਗਿਆਨ ਨਾਲ ਅੱਖਰੀ ਅਰਥ ਕਰਕੇ ਟਾਲ-ਮਟੋਲ ਕਰ ਛਡਦੇ ਹਾਂ।

18. ਸਾਡੀਆਂ ਧਾਰਮਿਕ ਸੰਸਥਾਵਾਂ ਵਿਚ ਦਿਮਾਗੀ ਗਿਆਨ, ਕਰਮ-ਕਾਂਡੀ ਧਾਰਮਿਕ ਫਿਲੌਸਫੀਆਂ ਤੇ ਇਤਿਹਾਸ ਹੀ ਪੜ੍ਹਾਏ ਜਾਂਦੇ ਹਨ ।

19. ਅਸੀਂ ਇਸ 'ਆਤਮਿਕ-ਤੱਤ-ਗਿਆਨ' ਨੂੰ ਦਿਮਾਗੀ ਵਿਸ਼ਾ ਹੀ ਬਣਾ ਛਡਿਆ ਹੈ, ਤੇ ਇਸ ਦਾ ਓਪਰੇ ਜਿਹੇ ਦਿਮਾਗੀ ਗਿਆਨ ਨਾਲ ਪ੍ਰਚਾਰ ਕਰਕੇ ਟਾਲ-ਮਟੋਲਾ ਕਰ ਛੱਡਦੇ ਹਾਂ ।

20. ਸਾਡੀਆਂ ਅਜੋਕੀਆਂ ਧਾਰਮਿਕ ਸੰਸਥਾਵਾਂ ਵਿਚੋਂ ਦਿਮਾਗੀ ਗਿਆਨੀ ਤੇ ਫਿਲੌਸਫਰ ਹੀ ਉਪਜਦੇ ਹਨ ਜੋ 'ਅੰਤ੍ਰੀਵ ਆਤਮਿਕ' ਅਨੁਭਵੀ ਗਿਆਨ ਤੋਂ ਸੱਖਣੇ ਹੁੰਦੇ ਹਨ ।

21. ਅਸੀਂ ਗੁਰਬਾਣੀ ਦੇ ਬਾਹਰ ਮੁਖੀ ਦਿਮਾਗੀ, ਪਾਠ, ਗਾਇਣ ਤੇ ਗਿਆਨ ਨਾਲ ਹੀ ਪੂਰਨ ਤੌਰ ਤੇ ਸੰਤੁਸ਼ਟ ਹਾਂ ਤੇ ਆਪੂੰ 'ਭਲੇ-ਭਲੇਰੇ' ਬਣੇ ਫਿਰਦੇ ਹਾਂ । ਏਸੇ ਕਰਕੇ ਸਾਡੇ ਆਪਣੇ ਅਤੇ ਸ੍ਰੋਤਿਆਂ ਦੇ ਜੀਵਨ ਵਿਚ ਤਬਦੀਲੀ ਨਹੀਂ ਆਉਂਦੀ ।

22. ਅਸੀਂ ਆਪੋ ਆਪਣੀ ਬੁੱਧੀ ਅਨੁਸਾਰ ਭਿੰਨ ਭਿੰਨ 'ਧਾਰਮਿਕ

ਚੇਤਹਿ ਏਕੁ ਤਹੀ ਸੁਖੁ ਹੋਇ ॥'

24. 'ਧੁਰ ਕੀ ਬਾਣੀ' ਸਾਨੂੰ ਗੁਰੂ ਸਾਹਿਬਾਨ ਨੇ, ਸਾਡੇ ਤੇ ਤਰਸ ਕਰਕੇ, ਆਪਣੀ ਕ੍ਰਿਪਾ ਦੁਆਰਾ, ਪ੍ਰੇਮ-ਪਦਾਰਥ ਬਖਸ਼ਿਆ ਹੈ ।

25. 'ਮਾਨਸ ਜਨਮੁ ਅਮੋਲਕ ਪਾਇਓ ਬਿਰਥਾ ਕਾਹਿ ਗਵਾਵਉ ॥'

26. 'ਰੋਸੁ ਨ ਕਾਹੂੰ ਸੰਗ ਕਰਹੁ ਆਪਨ ਆਪੁ ਬੀਚਾਰਿ ॥'

ਮਰਯਾਦਾ' ਦਾ ਪ੍ਰਚਾਰ ਕਰਦੇ ਹਾਂ ਅਤੇ ਅਸਲੀ ਅਨੁਭਵੀ ਆਤਮਿਕ 'ਗੁਰਮਤਿ' ਤੋਂ ਦੁਰੇਡੇ ਜਾ ਰਹੇ ਹਾਂ ।

23. ਅਸੀਂ 'ਅਨੇਕ ਚਿੰਤਨ' ਵਿਚ ਦੁਖੀ ਹੋ ਰਹੇ ਹਾਂ ।'ਏਕ ਚਿੰਤਨ' ਦਾ ਸਾਨੂੰ ਖਿਆਲ ਹੀ ਨਹੀਂ, ਅਤੇ ਨਾ ਲੋੜ ਹੀ ਭਾਸਦੀ ਹੈ ।

24. ਇਸ ਇਲਾਹੀ 'ਪ੍ਰੇਮ-ਪਦਾਰਥ' ਦੀ ਕਦਰ-ਕੀਮਤ ਪਾਉਣ ਦੀ ਬਜਾਏ, ਅਸੀਂ ਗੁਰਬਾਣੀ ਨੂੰ ਸ਼ਰੇਆਮ ਵੇਚ ਕੇ ਇਲਾਹੀ ਪ੍ਰੇਮ ਬਖਸ਼ਿਸ਼ ਦੀ ਹੱਤਕ ਕਰਦੇ ਹਾਂ ।

25. ਅਸੀਂ ਮਾਨਸ ਜਨਮ ਨੂੰ ਪੰਜਾਂ ਦੀ ਗੁਲਾਮੀ ਵਿਚ ਹੀ ਅਜਾਈਂ ਗਵਾ ਰਹੇ ਹਾਂ, ਤੇ ਇਸ ਅਮੋਲਕ ਜੀਵਨ ਦੀ ਕਦਰ-ਕੀਮਤ ਦੀ ਸਾਨੂੰ ਸੋਝੀ ਹੀ ਨਹੀਂ ।

26. ਅਸੀਂ ਦਿਨ ਰਾਤ ਲੋਕਾਂ ਨਾਲ ਸਿਰਫ਼ ਰੋਸ ਹੀ ਨਹੀਂ ਕਰਦੇ, ਬਲਕਿ ਬੇਅੰਤ 'ਰੋਸੇ', 'ਗਿਲੇ', 'ਸ਼ਕਾਇਤਾਂ', 'ਈਰਖਾ-ਦਵੈਤ' ਦੀਆਂ ਭਾਵਨਾਵਾਂ, ਮਨ ਵਿਚ ਘੋਟ-ਘੋਟ ਕੇ, ਉਨ੍ਹਾਂ ਦੀਆਂ 'ਮਿਸਲਾਂ' (files) ਬਣਾਈ ਬੈਠੇ ਹਾਂ ਤੇ ਇਨ੍ਹਾਂ 'ਰੋਸਿਆਂ' ਦੀਆਂ 'ਗੰਢਾਂ' ਨਿਤ ਹੋਰ 'ਪੀਡੀਆਂ' ਕਰੀ ਜਾਂਦੇ ਹਾਂ । ਇਸ ਤਰ੍ਹਾਂ ਆਪਣੇ ਮਨ ਉਤੇ ਗੂੜ੍ਹੀ-ਮੈਲ ਦਾ 'ਲੇਪ' (coating) ਚਾੜ੍ਹ ਰਹੇ ਹਾਂ । ਜਿਸ ਕਾਰਣ ਸਾਡਾ ਮਨ ਉਚੇਰੀ ਆਤਮਿਕ ਸਿਖਿਆ ਤੇ ਭਾਵਨਾਂ ਨੂੰ ਪਕੜਨ

ਸਾਡਾ ਬਾਹਰ ਮੁਖੀ ਦਿਮਾਗੀ 'ਧਰਮ ਪ੍ਰਚਾਰ' ਭੀ ਅਧੂਰਾ, ਬੇ-ਦਿਲਾ, ਓਪਰਾ ਜਿਹਾ ਹੋ ਰਿਹਾ ਹੈ। ਕਿਉਂਕਿ ਅਸੀਂ ਆਪਣੇ ਸੁਆਰਥੀ ਮਾਇਕੀ ਰੁਝੇਵਿਆਂ ਵਿਚ ਏਨੇ ਗਲਤਾਨ ਤੇ ਖੁਭੇ ਹੋਏ ਹਾਂ ਕਿ ਧਰਮ ਜਾਂ ਧਰਮ ਪ੍ਰਚਾਰ ਵਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੀ ਨਹੀਂ ਭਾਸਦੀ ।

ਜਦ ਕਿ ਸਾਰੇ ਧਰਮ ਤੇ ਧਰਮ-ਅਸਥਾਨਾਂ ਵਿਚ ਇਤਨੀ ਗਿਲਾਨੀ (corruption) ਆ ਗਈ ਹੈ ਜਿਵੇਂ 'ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥' ਸਾਨੂੰ ਧਰਮ-ਪ੍ਰਚਾਰ ਤੋਂ ਉਚੇਰੀ 'ਆਤਮਿਕ ਸੇਧ' ਤੇ ਅਗਵਾਈ ਕਿਥੋਂ ਮਿਲ ਸਕਦੀ ਹੈ ?

ਪੱਛਮੀ ਦੇਸ਼ਾਂ ਵਿਚ ਈਸਾਈ ਧਰਮ ਦੇ ਪ੍ਰਚਾਰ ਲਈ ਬੜੇ ਵੱਡੇ ਤੇ ਮਜ਼ਬੂਤ ਸੰਗਠਨ ਬਣੇ ਹੋਏ ਹਨ ਤੇ ਇਨ੍ਹਾਂ ਵਿਚ ਤਨੋ ਮਨੋ ਜ਼ੋਰਦਾਰ ਪ੍ਰਚਾਰ ਹੋ ਰਿਹਾ ਹੈ । ਜਿਸ ਦੇ ਨਤੀਜੇ ਵਜੋਂ ਈਸਾਈ ਮੱਤ, ਦੁਨੀਆਂ ਦੇ ਕੋਨੇ ਕੋਨੇ ਵਿਚ ਫੈਲ ਗਿਆ ਹੈ । ਅੰਗਰੇਜ਼ੀ ਤੋਂ ਇਲਾਵਾ ਦੁਨੀਆਂ ਦੀਆਂ ਅਨੇਕਾਂ ਭਾਸ਼ਾਵਾਂ ਵਿਚ ਬਾਈਬਲ (Bible) ਦੇ ਬੇਅੰਤ ਅਨੁਵਾਦ (translation) ਹੋ ਗਏ ਹਨ । ਇਸ ਤੋਂ ਇਲਾਵਾ ਈਸਾਈ ਮੱਤ ਦੇ ਵਿਕਾਸ ਲਈ ਅਨੇਕਾਂ ਕਿਤਾਬਾਂ, ਪਰਚੇ ਤੇ ਲੇਖ ਲਿਖੇ ਜਾਂਦੇ ਹਨ । ਜੋ ਕਿ ਘਰ ਘਰ ਜਾ ਕੇ, ਹਵਾਈ ਜਹਾਜ਼ਾਂ, ਰੇਲਾਂ, ਬੱਸਾਂ, ਹੋਟਲਾਂ, ਬਾਜ਼ਾਰਾਂ ਅਤੇ ਅੱਡਿਆਂ ਵਿਚ ਮੁਫ਼ਤ ਵੰਡੇ ਜਾਂਦੇ ਹਨ ।

ਉਨ੍ਹਾਂ ਦੇ ਮੁਕਾਬਲੇ ਵਿਚ ਸਾਡੇ ਪ੍ਰਚਾਰ ਦਾ 'ਉਪਰਾਲਾ'—ਅਧੂਰਾ, ਬੇਦਿਲਾ, ਓਪਰਾ ਜਿਹਾ ਵਿਖਾਵਾ ਹੀ ਹੈ, ਅਤੇ ਇਹ—'ਆਟੇ ਵਿਚ ਲੂਣ' ਦੇ ਬਰਾਬਰ ਹੈ । ਸਾਡੇ ਪ੍ਰਚਾਰ ਦਾ ਦਾਇਰਾ ਸਿਰਫ਼ ਅਸਾਨੀ ਨਾਲ ਪਹੁੰਚਣ ਵਾਲੇ ਸ਼ਹਿਰਾਂ ਜਾਂ ਕਸਬਿਆਂ ਤਾਂਈ ਸੀਮਤ ਹੈ । ਦੂਰ-ਦੁਰਾਡੇ ਪਿੰਡਾਂ ਵਿਚ ਜਿਥੇ ਪ੍ਰਚਾਰ ਦੀ ਅਤਿਅੰਤ ਲੋੜ ਹੈ, ਅਸੀਂ ਜਾਣ ਦੀ ਖੇਚਲ ਹੀ ਨਹੀਂ ਕਰਦੇ । ਇਸ ਦੇ ਨਤੀਜੇ ਵਜੋਂ ਸਾਡੀ ਪੇਂਡੂ ਵਸੋਂ, ਜਿਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਗੁਰਬਾਣੀ ਅਤੇ ਗੁਰਸਿਖੀ ਤੋਂ ਦੁਰੇਡੇ ਜਾ ਰਹੀ ਹੈ । ਜਿਸ ਤੋਂ ਦੂਜੇ ਮਤਾਂ ਦੇ ਪ੍ਰਚਾਰਕ ਲਾਭ ਉਠਾ ਕੇ ਪਿੰਡਾਂ ਦੇ ਭੋਲੇ-ਭਾਲੇ ਲੋਕਾਂ ਨੂੰ ਆਪੋ ਅਪਣੇ ਧਰਮ ਵਲ ਪ੍ਰੇਰ ਲੈਂਦੇ ਹਨ । ਇਸ ਅਣਗਹਿਲੀ ਤੋਂ ਅਸੀਂ ਕਿਸੇ ਬਹਾਨੇ ਨਾਲ ਬਰੀ ਨਹੀਂ ਹੋ ਸਕਦੇ ।

ਦਿਮਾਗੀ ਪ੍ਰਚਾਰ ਦੇ ਦਰਜੇ ਤੇ ਭੀ, ਅਸੀਂ ਈਸਾਈ ਤੇ ਹੋਰ ਮੱਤਾਂ ਦੇ ਪ੍ਰਚਾਰ ਦੀਆਂ ਪ੍ਰਣਾਲੀਆਂ ਦਾ ਅਧਿਐਨ ਕਰ ਕੇ, ਆਪਣੇ ਪ੍ਰਚਾਰ ਲਈ ਅਗਵਾਈ ਤੇ ਸਹਾਇਤਾ ਲੈ ਸਕਦੇ ਹਾਂ ।

ਜਿਹੜਾ ਮਾੜਾ-ਮੋਟਾ ਵਿਖਾਵੇ ਮਾਤਰ ਧਰਮ ਪ੍ਰਚਾਰ ਹੁੰਦਾ ਹੈ, ਉਸ ਦਾ ਭੀ ਕੋਈ ਖ਼ਾਸ ਅਸਰ ਹੁੰਦਾ ਨਹੀਂ ਭਾਸਦਾ, ਕਿਉਂਕਿ ਸਾਡੀ ਧਾਰਮਿਕ ਗਿਲਾਨੀ ਘਟਣ ਦੀ ਬਜਾਏ ਵਧਦੀ ਜਾ ਰਹੀ ਹੈ । ਇਸ ਦਾ ਕਾਰਣ ਇਹ ਹੈ ਕਿ ਅਸੀਂ ਕਥਨੀ-ਬਦਨੀ ਤਾਂ ਕਰਦੇ ਹਾਂ, ਪਰ ਉਸ ਨੂੰ ਆਪਣੇ ਜੀਵਨ ਵਿਚ ਨਹੀਂ ਕਮਾਉਂਦੇ । ਸਾਡੀ 'ਕਥਨੀ-ਬਦਨੀ' ਸਿਰਫ਼ ਦਿਮਾਗੀ 'ਸ਼ੁਗਲ' ਹੀ ਹੁੰਦਾ ਹੈ, ਜਾਂ ਮਾਇਕੀ ਸੁਆਰਥ ਦੀ ਪੂਰਤੀ ਹੀ ਹੈ । ਇਹੋ ਜਿਹੇ ਪ੍ਰਚਾਰ ਦੇ ਪਿਛੇ, ਅੰਤਰ-ਆਤਮੇ 'ਨਾਮ' ਦੀ ਦਾਮਨਿਕ ਸ਼ਕਤੀ ਨਹੀਂ ਹੁੰਦੀ, ਜਿਸ ਕਾਰਣ ਸਰੋਤਿਆਂ ਤੇ ਓਪਰਾ ਜਿਹਾ ਜਾਂ ਉਕਾ ਹੀ ਕੋਈ ਅਸਰ ਨਹੀਂ ਹੁੰਦਾ ।

ਗੁਰਬਾਣੀ ਵਿਚ ਐਸੀ ਅਵਸਥਾ ਦੀ ਬਾਬਤ ਇਉਂ ਤਾੜਨਾ ਕੀਤੀ ਗਈ ਹੈ :—

ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥ (ਪੰਨਾ-269)

ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥
ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥ (ਪੰਨਾ-1369

ਪੜਿ ਪੰਡਿਤੁ ਅਵਰਾ ਸਮਝਾਏ ॥ ਘਰ ਜਲਤੇ ਕੀ ਖਬਰਿ ਨ ਪਾਏ ॥
(ਪੰਨਾ-1046)

ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥ (ਪੰਨਾ-56)

ਮਾਇਆ ਦੀ ਥੋੜ ਦਾ ਬਹਾਨਾ ਨਿਰਮੂਲ ਹੈ, ਕਿਉਂਕਿ ਗੁਰੂ-ਘਰ ਵਿਚ ਮਾਇਆ ਦੀ ਟੋਟ ਨਹੀਂ ਆ ਸਕਦੀ ।

ਸਾਡੇ ਹਿਰਦਿਆਂ ਅੰਦਰ ਸਿਰਫ਼ 'ਧਰਮ-ਪ੍ਰਚਾਰ' ਦੀ ਸਹੀ ਤੇ ਉਚੀ ਸੁਚੀ 'ਲਗਨ' ਜਾਂ 'ਤੜਪ' ਤੇ 'ਆਪਾ ਵਾਰਨ' ਦੀ ਭਾਵਨਾਂ ਦੀ ਹੀ ਲੋੜ ਹੈ । ਪਰ ਇਹ 'ਉਤਮ ਆਤਮਿਕ ਸੇਵਾ' ਸਿਰਫ਼ 'ਮਰ-ਜੀਵੜੇ', ਬਖਸ਼ੇ ਹੋਏ ਗੁਰਮੁਖ ਪਿਆਰੇ ਹੀ ਕਰ ਸਕਦੇ ਹਨ :—

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥ (ਪੰਨਾ-474)

ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ (ਪੰਨਾ-289)

ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥
(ਪੰਨਾ-286)

ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ ॥ (ਪੰਨਾ-638)

ਗੁਰਬਾਣੀ ਦੀਆਂ ਅਨੇਕਾਂ ਪੰਗਤੀਆਂ, 'ਆਤਮਿਕ ਮੰਡਲ' ਦੇ ਕਿਸੇ 'ਤਤ-ਰੂਪ' 'ਇਲਾਹੀ' ਅਵਸਥਾ ਦੀਆਂ ਪ੍ਰਤੀਕ ਹਨ, ਤੇ ਸਾਨੂੰ ਉਚੇ ਸੁਚੇ 'ਆਤਮਿਕ ਜੀਵਨ' ਵਲ ਪ੍ਰੇਰਦੀਆਂ ਹਨ ।

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥
(ਪੰਨਾ-442)

ਇਹੁ ਸਰੀਰੁ ਕਰਮ ਕੀ ਧਰਤੀ ਗੁਰਮੁਖਿ ਮਥਿ ਮਥਿ ਤਤੁ ਕਢਈਆ ॥ (ਪੰਨਾ-834)

ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥ (ਪੰਨਾ-650)

ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥ (ਪੰਨਾ-339)